ਨੋਟ: ਬਾਕੀ ਅੰਤਰੇ ਵੀ ਇਨ੍ਹਾਂ ਹੀ ਸੁਰਾਂ ਉੱਤੇ ਗਾਏ ਜਾਣਗੇ।

ਸ਼ਬਦ

ਗਉੜੀ ਮਹਲਾ ੫ (ਪੰਨਾ 201)

ਥਿਰੁ ਘਰਿ ਬੈਸਹੁ ਹਰਿ ਜਨ ਪਿਆਰੇ ॥
ਸਤਿਗੁਰਿ ਤੁਮਰੇ ਕਾਜ ਸਵਾਰੇ ॥੧॥ਰਹਾਉ॥
ਦੁਸਟ ਦੂਤ ਪਰਮੇਸਰਿ ਮਾਰੇ ॥
ਜਨ ਕੀ ਪੈਜ ਰਖੀ ਕਰਤਾਰੇ ॥੧॥
ਬਾਦਿਸਾਹ ਸਾਹ ਸਭ ਵਸਿ ਕਰਿ ਦੀਨੇ ॥
ਅੰਮ੍ਰਿਤ ਨਾਮ ਮਹਾ ਰਸ ਪੀਨੇ ॥੨॥
ਨਿਰਭਉ ਹੋਇ ਭਜਹੁ ਭਗਵਾਨ ॥
ਸਾਧਸੰਗਤਿ ਮਿਲਿ ਕੀਨੋ ਦਾਨੁ ॥੩॥
ਸਰਣਿ ਪਰੇ ਪ੍ਰਭ ਅੰਤਰਜਾਮੀ ॥
ਨਾਨਕ ਓਟ ਪਕਰੀ ਪ੍ਰਭ ਸੁਆਮੀ ॥੪॥

ਰਾਗ ਤ੍ਰਿਵੇਣੀ

ਝਪਤਾਲ

ਸਥਾਈ

ਮਾਤਰੇ	1	2	3	4	1	2	3	4	1	2	3	4	1	2	3	4
ਸਰਗਮ	ਪ	ਪ	ਗ	ਗ	ਗ	ਗ	ਗ	ਗ	ਰੇ	ਗ	ਰੇ	ਸਾ	ਸਾ	ਸਾ	ਸਾ	ਸਾ
ਸ਼ਬਦ	ਥਿ	ਰੁ	ਘ	ਰਿ	ਬੈ	ऽ	ਸਹੁ	ऽ	ਹ	ਰਿ	ਜ	ਨ	ਪਿਆ	ऽ	ਰੇ	ऽ
	ਸਾ	ਸਾ	ਸਾ	ਸਾ	ਸਾ	ਰੇ	ਰੇ	ਪ	ਮ	ਮ	ਗ	ਰੇ	ਸਾ	ਰੇ	ਰੇਸਾ	ਸਾ
	ਸ	ਤਿ	ਗੁ	ਰਿ	ਤੁ	ਮ	ਰੇ	ऽ	ਕਾ	ऽ	ਜ	ਸ	ਵਾ	ऽ	ਰੇऽ	ऽ
ਤਾਲ ਚਿੰਨ੍ਹ	X				X				X				X			

ਅੰਤਰਾ

	ਧ	ਧ	ਧ	ਧ	ਧ	ਧ	ਧ	ਧ	ਮ	ਗ	ਮ	ਧ	ਮ	ਪ	ਪ	ਪ
	ਦੁ	ऽ	ਸਟ	ਦੂ	ऽ	ਤ	ਪ	ਰ	ਮੇ	ऽ	ਸ	ਰਿ	ਮਾ	ऽ	ਰੇ	ऽ
	ਪ	ਪ	ਰੇ	ਗ	ਮ	ਪ	ਪ	ਪ	ਗ	ਗ	ਰੇ	ਗ	ਰੇ	ਸਾ	ਸਾ	ਸਾ
	ਜ	ਨ	ਕੀ	ऽ	ਪੈ	ऽ	ਜ	ਰ	ਖੀ	ऽ	ਕ	ਰ	ਤਾ	ऽ	ਰੇ	ऽ
ਤਾਲ ਚਿੰਨ੍ਹ	X				X				X				X			

ਨੋਟ: ਬਾਕੀ ਅੰਤਰੇ ਵੀ ਇਨ੍ਹਾਂ ਹੀ ਸੁਰਾਂ ਉੱਤੇ ਗਾਏ ਜਾਣਗੇ।

ਸੰਗੀਤ ਪੱਧਤੀਆਂ

ਸਾਰੇ ਭਾਰਤ ਵਰਸ਼ ਵਿਚ ਮੁੱਖ ਦੋ ਪ੍ਰਕਾਰ ਦੀਆਂ ਸੰਗੀਤ ਪੱਧਤੀਆਂ ਪ੍ਰਚਲਿਤ ਹਨ, ਜੋ ਇਸ ਪ੍ਰਕਾਰ ਹਨ:

1. ਉੱਤਰੀ ਸੰਗੀਤ ਪੱਧਤੀ।
2. ਦੱਖਣੀ ਸੰਗੀਤ ਪੱਧਤੀ।

(1) **ਉੱਤਰੀ ਸੰਗੀਤ ਪੱਧਤੀ**—ਇਹ ਪੱਧਤੀ ਉੱਤਰੀ ਹਿੰਦੁਸਤਾਨ, ਬੰਗਾਲ, ਬਿਹਾਰ, ਉੜੀਸਾ, ਉੱਤਰ ਪ੍ਰਦੇਸ਼, ਪੰਜਾਬ ਅਤੇ ਮੁੰਬਈ ਪ੍ਰਾਂਤ ਵਿਚ ਪ੍ਰਚਲਿਤ ਹੈ। ਉੱਤਰੀ ਸੰਗੀਤ ਪੱਧਤੀ ਨੂੰ ਹਿੰਦੁਸਤਾਨੀ ਸੰਗੀਤ ਪੱਧਤੀ ਵੀ ਕਹਿੰਦੇ ਹਨ।

(2) **ਦੱਖਣੀ ਸੰਗੀਤ ਪੱਧਤੀ**—ਇਹ ਪੱਧਤੀ ਦੱਖਣ ਭਾਰਤ ਦੇ ਮੈਸੂਰ, ਮਦਰਾਸ, ਆਂਧਰਾ, ਕਰਨਾਟਕ ਆਦਿਕ ਪ੍ਰਦੇਸ਼ਾਂ ਵਿਚ ਪ੍ਰਚਲਿਤ ਹੈ। ਦੱਖਣੀ ਸੰਗੀਤ ਪੱਧਤੀ ਨੂੰ ਕਰਨਾਟਕੀ ਸੰਗੀਤ ਪੱਧਤੀ ਵੀ ਕਹਿੰਦੇ ਹਨ।

ਦੋਵੇਂ ਪੱਧਤੀਆਂ ਵੱਖਰੀਆਂ ਕਿਵੇਂ ਹੋਈਆਂ

ਤੇਰ੍ਹਵੀਂ ਸ਼ਤਾਬਦੀ ਤਕ ਸਾਰੇ ਭਾਰਤ ਵਿਚ ਕੇਵਲ ਇਕ ਪੱਧਤੀ ਪ੍ਰਚਾਰ ਵਿਚ ਸੀ। ਗਿਆਰ੍ਹਵੀਂ ਸ਼ਤਾਬਦੀ ਤੋਂ ਉੱਤਰੀ ਭਾਰਤ ਵਿਚ ਮੁਸਲਮਾਨਾਂ ਦਾ ਆਉਣਾ ਸ਼ੁਰੂ ਹੋਇਆ ਅਤੇ ਉਹ ਹੌਲੀ ਹੌਲੀ ਭਾਰਤ ਦੇ ਰਾਜੇ ਹੋ ਗਏ। ਉਹਨਾਂ ਦੇ ਨਾਲ ਉਹਨਾਂ ਦੀ ਸੰਸਕ੍ਰਿਤੀ, ਸੱਭਿਅਤਾ ਅਤੇ ਸੰਗੀਤ ਵੀ ਆਇਆ।

ਅਰਬ ਤੇ ਫ਼ਾਰਸ ਦੇ ਸੰਗੀਤ ਦਾ ਪ੍ਰਭਾਵ ਉੱਤਰੀ ਸੰਗੀਤ ਪੱਧਤੀ 'ਤੇ ਪਿਆ ਅਤੇ ਉੱਤਰੀ ਸੰਗੀਤ ਪੱਧਤੀ ਵਿਚ ਕਈ ਪਰਿਵਰਤਨ ਹੋ ਗਏ। ਪਰ ਦੱਖਣੀ ਭਾਰਤ 'ਤੇ ਮੁਸਲਮਾਨਾਂ ਦਾ ਵਿਸ਼ੇਸ਼ ਪ੍ਰਭਾਵ ਨਾ ਪੈਣ ਕਰਕੇ ਉਥੇ ਦੀ ਸੰਗੀਤ ਪੱਧਤੀ ਆਪਣੀ ਜਗ੍ਹਾ 'ਤੇ ਟਿਕੀ ਰਹੀ ਅਤੇ ਉਸ ਵਿਚ ਕੋਈ ਵੀ ਪਰਿਵਰਤਨ ਨਹੀਂ ਹੋਇਆ। ਇਸ ਕਾਰਨ ਉੱਤਰੀ ਪੱਧਤੀ ਦੱਖਣੀ ਪੱਧਤੀ ਤੋਂ ਵੱਖਰੀ ਹੋ ਗਈ। ਇਸ ਕਰਕੇ ਹੀ ਦੋਨੋਂ ਪੱਧਤੀਆਂ ਵੱਖਰੀਆਂ ਹੋਣ ਨਾਲ ਆਪਸ ਵਿਚ ਸਮਾਨਤਾ ਅਤੇ ਭਿੰਨਤਾ ਰੱਖਦੀਆਂ ਹਨ, ਜੋ ਇਸ ਪ੍ਰਕਾਰ ਹਨ:

ਸਮਾਨਤਾ

1. ਦੋਨੋਂ ਸੰਗੀਤ ਪੱਧਤੀਆਂ ਵਿਚ 12 ਸੁਰ ਪ੍ਰਯੋਗ ਕੀਤੇ ਜਾਂਦੇ ਹਨ ਅਤੇ ਉਹਨਾਂ ਦੇ ਸੁਰ ਸਥਾਨ ਵੀ ਲਗਭਗ ਇਕ-ਸਮਾਨ ਹਨ।
2. ਜਿਸ ਪ੍ਰਕਾਰ ਉੱਤਰੀ ਭਾਰਤ ਵਿਚ ਥਾਟ ਰਾਗ ਵਰਗੀਕਰਣ ਪ੍ਰਚਲਿਤ ਹੈ, ਉਸੀ

ਪ੍ਰਕਾਰ ਦੱਖਣੀ ਭਾਰਤ ਵਿਚ ਮੇਲ ਰਾਗ ਵਰਗੀਕਰਣ ਪ੍ਰਚਲਿਤ ਹੈ। ਮੇਲ ਅਤੇ ਥਾਟ ਇਕ ਦੂਸਰੇ ਦੇ ਪ੍ਰਾਇਵਾਚੀ ਸ਼ਬਦ ਹਨ। ਥਾਟ ਦੇ ਸਮਾਨ ਹੀ ਮੇਲ ਤੋਂ ਵੀ ਰਾਗ ਉਤਪੰਨ ਮੰਨੇ ਗਏ ਹਨ।

3. ਦੋਨੋਂ ਸੰਗੀਤ ਪੱਧਤੀਆਂ ਵਿਚ ਸੁਰਾਂ ਦੇ ਨਾਲ ਨਾਲ ਲੈਅ ਅਤੇ ਤਾਲ ਦਾ ਵਿਸ਼ੇਸ਼ ਮਹੱਤਵ ਹੈ।
4. ਦੋਨੋਂ ਪੱਧਤੀਆਂ ਵਿਚ ਕੁਝ ਤਾਲ ਵੀ ਇਕ-ਸਮਾਨ ਹਨ। ਜਿਵੇਂ ਹਿੰਦੁਸਤਾਨੀ ਚਾਰ ਤਾਲ ਜਾਂ ਇਕ ਤਾਲ, ਕਰਨਾਟਕ ਦੇ ਚਤੁਸਵਰ ਜਾਤੀ ਦੇ ਅੱਠ ਤਾਲ ਦੇ ਸਮਾਨ ਹੈ ਅਤੇ ਸਾਡਾ ਤੀਵਰਾ ਅਤੇ ਰੂਪਕ ਤਾਲ ਉਥੋਂ ਦੇ ਤ੍ਰਿਸ੍ਰ ਜਾਤੀ ਦੇ ਤ੍ਰਿਪੁਟ ਤਾਲ ਦੇ ਸਮਾਨ ਹੈ।
5. ਤਾਲ ਦਿੰਦੇ ਸਮੇਂ ਜਿਸ ਪ੍ਰਕਾਰ ਉੱਤਰੀ ਭਾਰਤੀ ਸੰਗੀਤ ਵਿਚ ਵਿਭਾਗ ਦੀ ਪਹਿਲੀ ਮਾਤਰਾ 'ਤੇ ਤਾਲੀ ਜਾਂ ਖ਼ਾਲੀ ਦਿੱਤੀ ਜਾਂਦੀ ਹੈ, ਉਸੇ ਪ੍ਰਕਾਰ ਕਰਨਾਟਕੀ ਸੰਗੀਤ ਵਿਚ ਵੀ ਵਿਭਾਗ ਦੀ ਪਹਿਲੀ ਮਾਤਰਾ 'ਤੇ ਤਾਲੀ ਦਿੱਤੀ ਜਾਂਦੀ ਹੈ।
6. ਦੋਨੋਂ ਪੱਧਤੀਆਂ ਦੇ ਕੁਝ ਰਾਗ ਵੀ ਸੁਰਾਂ ਦੀ ਦ੍ਰਿਸ਼ਟੀ ਨਾਲ ਇਕ-ਸਮਾਨ ਹਨ। ਜਿਵੇਂ ਮਾਲਕੌਂਸ-ਹਿੰਡੋਲਮ, ਦੁਰਗਾ ਅਤੇ ਸ਼ੁਧ-ਸਾਵੇਰੀ, ਮਧਮਾਦ ਸਾਰੰਗ ਅਤੇ ਮਧਯਮਾਨਤ, ਬਿਲਾਵਲ ਅਤੇ ਧੀਰਸ਼ਕਰਾਭਰਣ, ਕਾਫੀ ਅਤੇ ਖਰਹਰ ਪ੍ਰਿਆ, ਭੈਰਵੀ ਅਤੇ ਹਨੁਮਤ ਤੋੜੀ ਆਦਿਕ। ਕੁਝ ਰਾਗ ਨਾਵਾਂ ਦੀ ਦ੍ਰਿਸ਼ਟੀ ਨਾਲ ਇਕ-ਸਮਾਨ ਹਨ, ਪਰ ਸੁਰਾਂ ਦੀ ਦ੍ਰਿਸ਼ਟੀ ਨਾਲ ਨਹੀਂ। ਜਿਵੇਂ ਸ੍ਰੀ, ਸੋਹਨੀ, ਕੇਦਾਰ, ਹਿੰਡੋਲ, ਆਦਿਕ। ਦੂਸਰੇ ਸ਼ਬਦਾਂ ਵਿਚ ਇਹ ਨਾਮ ਦੋਨਾਂ ਪੱਧਤੀਆਂ ਵਿਚ ਪਾਏ ਜਾਂਦੇ ਹਨ। ਹੰਸਧਵਨਿ ਰਾਗ ਦੋਨਾਂ ਪੱਧਤੀਆਂ ਵਿਚ ਜਨਯ ਰਾਗ ਅਤੇ ਇਕ-ਸਮਾਨ ਸੁਰਾਂ ਵਾਲਾ ਰਾਗ ਹੈ। ਅਰਾੜਾ, ਧਨਾਸਿਰੀ, ਸ੍ਰੀ, ਰੰਜਨੀ ਆਦਿਕ ਦੋਨਾਂ ਪੱਧਤੀਆਂ ਵਿਚ ਪਾਏ ਜਾਂਦੇ ਹਨ। ਪਰ ਦੋਨੋਂ ਪੱਧਤੀਆਂ ਵਿਚ ਇਹਨਾਂ ਦੇ ਸੁਰ ਵੱਖਰੇ-ਵੱਖਰੇ ਹਨ।
7. ਉੱਤਰੀ ਸੰਗੀਤ ਦੇ ਧਰੁਪਦ, ਖ਼ਿਆਲ, ਤਰਾਨਾ, ਠੁਮਰੀ, ਕਰਨਾਟਕ ਦੇ ਕ੍ਰਮਵਾਰ ਕੀਰਤਨਮ, ਕ੍ਰਿਤੀ, ਤਿਲਾਨਾ ਅਤੇ ਜਾਵਲੀ ਨਾਲ ਜ਼ਿਆਦਾ ਮਿਲਦੇ ਹਨ।
8. ਦੋਨਾਂ ਪੱਧਤੀਆਂ ਵਿਚ ਗਾਇਕ ਨੂੰ ਆਪਣੀ ਕਲਪਨਾ ਨਾਲ ਗਾਉਣ ਦੀ ਪੂਰੀ ਸੁਤੰਤਰਤਾ ਰਹਿੰਦੀ ਹੈ। ਪਰ ਦੋਨੋਂ ਪੱਧਤੀਆਂ ਵਿਚ ਆਚਾਰ, ਵਿਚਾਰ ਦੇ ਅੰਤਰ ਹੋਣ ਦੇ ਕਾਰਨ ਕਲਪਨਾ ਕਰਨ ਦਾ ਢੰਗ ਵੱਖਰਾ ਹੈ।
9. ਦੋਨੋਂ ਪੱਧਤੀਆਂ ਵਿਚ ਆਲਾਪ ਅਤੇ ਤਾਨਾਂ ਦੇ ਨਾਲ ਚੀਜ਼ਾਂ ਗਾਈਆਂ ਜਾਂਦੀਆਂ ਹਨ।
10. ਦੋਨੋਂ ਪੱਧਤੀਆਂ ਵਿਚ ਆਲਾਪ ਗਾਇਨ ਸਵੀਕਾਰ ਕੀਤਾ ਗਿਆ ਹੈ।
11. ਜਨਯ-ਜਨਕ ਥਾਟ ਰਾਗ ਸਿੰਧਾਤ ਦੋਨਾਂ ਵਿਚ ਮੰਨਿਆ ਗਿਆ ਹੈ।

ਭਿੰਨਤਾ

1. ਉੱਤਰੀ ਸੰਗੀਤ ਪੱਧਤੀ ਅਤੇ ਦੱਖਣੀ ਸੰਗੀਤ ਪੱਧਤੀ ਵਿਚ ਭਾਵੇਂ ਸੁਰ ਸਥਾਨ 12 ਹੀ ਮੰਨੇ ਗਏ ਹਨ, ਪਰ ਦੋਹਾਂ ਦੇ ਸੁਰਾਂ ਅਤੇ ਨਾਵਾਂ ਵਿਚ ਫ਼ਰਕ ਹੈ। ਜਿਵੇਂ ਸਾਡਾ ਕੋਮਲ 'ਰੇ-ਧੁ' ਉਹਨਾਂ ਦਾ ਸ਼ੁੱਧ 'ਰੇ-ਧ' ਹੈ। ਸਾਡਾ ਸ਼ੁੱਧ 'ਰੇ-ਧ' ਉਹਨਾਂ ਦਾ ਚਤੁਸ਼ਰੁਤਿ 'ਰੇ-ਧ' ਹਨ। ਸਾਡੇ ਤੀਬਰ 'ਮ' ਨੂੰ ਉਹ ਪ੍ਰਤਿ 'ਮ', ਕੋਮਲ 'ਨੀ'

ਨੂੰ ਖਟਸ਼ਰੁਤਿ 'ਧ' ਜਾਂ ਕੈਸ਼ਿਕ 'ਨੀ', ਸ਼ੁੱਧ 'ਨੀ' ਨੂੰ ਕਾਕਲੀ 'ਨੀ', ਕੋਮਲ 'ਗ' ਨੂੰ ਸਾਧਾਰਣ 'ਗ' ਜਾਂ ਖਟਸ਼ਰੁਤਿ ਜਾਂ ਪੰਚਸ਼ਰੁਤਿ 'ਰੇ' ਅਤੇ ਸ਼ੁੱਧ 'ਗ' ਨੂੰ ਅੰਤਰ 'ਗ' ਕਹਿੰਦੇ ਹਨ।

'ਸਾ, ਮ, ਪ' ਸੁਰ ਦੋਨਾਂ ਵਿਚ ਇਕ-ਸਮਾਨ ਹਨ।

2. ਉੱਤਰੀ ਭਾਰਤ ਵਿਚ ਸੁਰਾਂ ਦਾ ਸਭ ਤੋਂ ਨੀਵਾਂ ਰੂਪ ਕੋਮਲ ਹੁੰਦਾ ਹੈ। ਪਰ ਕਰਨਾਟਕ ਵਿਚ ਸੁਰਾਂ ਦਾ ਸਭ ਤੋਂ ਨੀਵਾਂ ਰੂਪ ਸ਼ੁੱਧ ਦਾ ਹੁੰਦਾ ਹੈ।
3. ਉੱਤਰੀ ਭਾਰਤੀ ਸੰਗੀਤ ਵਿਚ 10 ਥਾਟ ਮੰਨੇ ਜਾਂਦੇ ਹਨ, ਜਿਹਨਾਂ ਵਿਚ ਸਾਰੇ ਰਾਗ ਗਾਏ ਜਾਂਦੇ ਹਨ। ਪਰ ਕਰਨਾਟਕੀ ਸੰਗੀਤ ਵਿਚ 19 ਥਾਟ ਪ੍ਰਚਲਿਤ ਹਨ, ਜਿਹਨਾਂ ਵਿਚ ਸਾਰੇ ਰਾਗ ਗਾਏ ਜਾਂਦੇ ਹਨ।
4. ਉੱਤਰੀ ਸੰਗੀਤ ਵਿਚ ਸਪਤਕ ਦੇ ਸੱਤ ਸੁਰਾਂ ਤੋਂ ਹਿਸਾਬ ਨਾਲ ਕੁਲ 32 ਥਾਟ ਬਣ ਸਕਦੇ ਹਨ। ਪਰ ਦੱਖਣੀ ਸੰਗੀਤ ਵਿਚ ਸਪਤਕ ਦੇ ਸੱਤ ਸੁਰਾਂ ਤੋਂ ਹਿਸਾਬ ਨਾਲ ਕੁਲ 72 ਥਾਟ ਬਣ ਸਕਦੇ ਹਨ।
5. ਹਿੰਦੁਸਤਾਨੀ ਸੰਗੀਤ ਵਿਚ ਤਾਲ ਦੇਣ ਲਈ ਤਬਲੇ ਦਾ ਪ੍ਰਯੋਗ ਕੀਤਾ ਜਾਂਦਾ ਹੈ, ਪਰ ਕਰਨਾਟਕੀ ਸੰਗੀਤ ਵਿਚ ਤਾਲ ਦੇਣ ਲਈ ਮ੍ਰਿਦੰਗ ਦਾ ਪ੍ਰਯੋਗ ਕੀਤਾ ਜਾਂਦਾ ਹੈ।
6. ਕਰਨਾਟਕੀ ਸੰਗੀਤ ਵਿਚ ਬੰਦਸ਼ ਦੀ ਸ਼ੁੱਧਤਾ 'ਤੇ ਖ਼ਾਸ ਧਿਆਨ ਦਿੱਤਾ ਜਾਂਦਾ ਹੈ। ਕੋਈ ਵੀ ਗਾਇਕ ਆਪਣੀ ਮਰਜ਼ੀ ਨਾਲ ਕਿਸੀ ਵੀ ਬੰਦਿਸ਼ ਵਿਚ ਪਰਿਵਰਤਨ ਨਹੀਂ ਕਰ ਸਕਦਾ। ਪਰ ਹਿੰਦੁਸਤਾਨੀ ਸੰਗੀਤ ਵਿਚ ਇਤਨਾ ਬੰਧਨ ਨਹੀਂ ਹੈ। ਹਰ ਇਕ ਗਾਇਕ ਆਪਣੀ ਮਰਜ਼ੀ ਨਾਲ ਗੀਤ ਦੀ ਬੰਦਿਸ਼ ਵਿਚ ਪਰਿਵਰਤਨ ਕਰ ਸਕਦਾ ਹੈ ?
7. ਕਰਨਾਟਕ ਵਿਚ ਸੁਰ ਦੇ ਕੰਪਨ ਅਤੇ ਚੰਚਲਤਾ ਉੱਤੇ ਖ਼ਾਸ ਧਿਆਨ ਦਿੱਤਾ ਜਾਂਦਾ ਹੈ, ਪਰ ਹਿੰਦੁਸਤਾਨ ਵਿਚ ਸੁਰ ਦੀ ਸਥਿਰਤਾ ਅਤੇ ਗੰਭੀਰਤਾ ਉੱਤੇ ਖ਼ਾਸ ਧਿਆਨ ਦਿੱਤਾ ਜਾਂਦਾ ਹੈ।
8. ਦੋਨੋਂ ਪੱਧਤੀਆਂ ਵਿਚ ਸੁਰ ਉਚਾਰਣ ਅਤੇ ਆਵਾਜ਼ ਕੱਢਣ ਦੀਆਂ ਸ਼ੈਲੀਆਂ ਵੱਖੋ-ਵੱਖ ਹਨ।
9. ਦੋਹਾਂ ਪੱਧਤੀਆਂ ਦੇ ਰਾਗ ਆਪੋ-ਆਪਣੇ ਥਾਂ 'ਤੇ ਸੁਤੰਤਰ ਹਨ, ਅਰਥਾਤ ਦੱਖਣੀ ਰਾਗ ਉੱਤਰੀ ਰਾਗਾਂ ਨਾਲ ਨਹੀਂ ਮਿਲਦੇ।
10. ਦੱਖਣੀ ਪੱਧਤੀ ਦੇ ਸ਼ੁੱਧ ਸੁਰਾਂ ਦੇ ਸਪਤਕ ਨੂੰ ਕਨਕਾਂਗੀ ਜਾਂ ਮੁਖਾਰੀ ਮੇਲ ਕਹਿੰਦੇ ਹਨ। ਪਰ ਉੱਤਰੀ ਪੱਧਤੀ ਦੇ ਸ਼ੁੱਧ ਸੁਰਾਂ ਦੇ ਸਪਤਕ ਨੂੰ ਬਿਲਾਵਲ ਥਾਟ ਕਿਹਾ ਜਾਂਦਾ ਹੈ।
11. ਦੋਨੋਂ ਪੱਧਤੀਆਂ ਦੇ ਤਾਲ ਵੱਖੋ-ਵੱਖਰੇ ਹਨ। ਹਿੰਦੁਸਤਾਨੀ ਸੰਗੀਤ ਵਿਚ ਤਾਲਾਂ ਦੀ ਸੰਖਿਆ ਦਾ ਕੋਈ ਅੰਤ ਨਹੀਂ। ਬੇਅੰਤ ਤਾਲ ਹਨ, ਕਿਉਂਕਿ ਮਾਤਰਾਵਾਂ ਅਤੇ ਵਿਭਾਗਾਂ ਦੇ ਅਨੁਸਾਰ ਤਾਲਾਂ ਦੀ ਰਚਨਾ ਹੁੰਦੀ ਰਹਿੰਦੀ ਹੈ। ਪਰ ਕਰਨਾਟਕੀ ਸੰਗੀਤ ਵਿਚ ਮੁੱਖ ਤਾਲ ਕੁਲ 7 ਮੰਨੇ ਜਾਂਦੇ ਹਨ ਅਤੇ ਉਹਨਾਂ ਦੀਆਂ 5-5 ਜਾਤੀਆਂ ਦੇ ਅਨੁਸਾਰ ਕੁਲ $7 \times 5 = 35$ ਤਾਲ ਮੰਨੇ ਜਾਂਦੇ ਹਨ।
12. ਦੱਖਣੀ ਪੱਧਤੀ ਦੀਆਂ ਚੀਜ਼ਾਂ ਕੱਨੜ, ਤੇਲਗੂ, ਤਾਮਿਲ ਆਦਿਕ ਭਾਸ਼ਾ ਵਿਚ ਰਚੀਆਂ ਹੁੰਦੀਆਂ ਹਨ ਅਤੇ ਉੱਤਰੀ ਪੱਧਤੀ ਦੇ ਗੀਤ ਬ੍ਰਿਜ ਭਾਸ਼ਾ, ਹਿੰਦੀ, ਉਰਦੂ, ਪੰਜਾਬੀ, ਮਾਰਵਾੜੀ ਆਦਿਕ ਭਾਸ਼ਾਵਾਂ ਵਿਚ ਹੁੰਦੇ ਹਨ।

13. ਕਰਨਾਟਕੀ ਸੰਗੀਤ ਵਿਚ ਇਹ ਪ੍ਰਾਚੀਨ ਸਮੇਂ ਤੋਂ ਹੀ ਨਿਯਮ ਹੈ ਕਿ ਗਾਇਕ ਆਪਣੇ ਗਾਣੇ ਦੇ ਵਿਚਕਾਰ ਮ੍ਰਿਦੰਗ ਵਜਾਉਣ ਵਾਲੇ ਨੂੰ ਆਪਣੀ ਕਲਾ ਸਾਧਨਾ ਨੂੰ ਦਿਖਾਉਣ ਵਾਸਤੇ ਮੌਕਾ ਦਿੰਦਾ ਹੈ ਅਤੇ ਗਾਇਕ ਥੋੜੇ ਸਮੇਂ ਲਈ ਸ਼ਾਂਤ ਹੋ ਜਾਂਦਾ ਹੈ, ਪਰ ਹਿੰਦੁਸਤਾਨੀ ਸੰਗੀਤ ਵਿਚ ਇਸ ਤਰ੍ਹਾਂ ਨਹੀਂ ਹੁੰਦਾ। ਇਥੇ ਤਬਲਾ ਸੰਗੀਤ ਦਾ ਇਹ ਮਤਲਬ ਸਮਝਿਆ ਜਾਂਦਾ ਹੈ ਕਿ ਤਬਲੇ ਦੀ ਸੰਗਤ ਨਾਲ ਗਾਇਨ ਵਿਚ ਸੁੰਦਰਤਾ ਹੈ। ਤਬਲਚੀ ਨੂੰ ਆਪਣੀ ਕਲਾ ਦਾ ਪ੍ਰੀਚੈ ਦੇਣ ਦੇ ਲਈ ਵੱਖਰਾ ਸਮਾਂ ਦਿੱਤਾ ਜਾਂਦਾ ਹੈ, ਜਿਸ ਨੂੰ ਸੁਤੰਤਰ ਵਾਦਨ ਜਾਂ ਸੋਲੋ ਵਾਦਨ ਕਿਹਾ ਜਾਂਦਾ ਹੈ।
14. ਕਰਨਾਟਕੀ ਸੰਗੀਤ ਵਿਚ ਸੁਰਾਂ ਦੇ ਦੋ ਨਾਮ ਹਨ, ਪਰ ਹਿੰਦੁਸਤਾਨੀ ਸੰਗੀਤ ਪੱਧਤੀ ਵਿਚ ਸੁਰਾਂ ਦਾ ਇਕ-ਇਕ ਹੀ ਨਾਮ ਹੈ।

ਉੱਤਰੀ ਅਤੇ ਦੱਖਣੀ ਸੁਰਾਂ ਦੀ ਤੁਲਨਾ

ਦੱਖਣੀ ਅਤੇ ਉੱਤਰੀ ਦੋਨੋਂ ਸੰਗੀਤ ਪੱਧਤੀਆਂ ਵਿਚ ਇਕ ਸਪਤਕ ਵਿਚ 12 ਸੁਰ ਮੰਨੇ ਗਏ ਹਨ, ਪਰ ਉਹਨਾਂ ਦੇ ਨਾਵਾਂ ਵਿਚ ਕਿਤੇ ਕਿਤੇ ਅੰਤਰ ਹੋ ਗਿਆ ਹੈ। ਜਿਵੇਂ ਹਿੰਦੁਸਤਾਨੀ ਕੋਮਲ 'ਰੇ-ਧ' ਦੀ ਜਗ੍ਹਾ 'ਤੇ ਕਰਨਾਟਕੀ ਸ਼ੁੱਧ 'ਰੇ-ਧ'। ਇਸੇ ਪ੍ਰਕਾਰ ਹਿੰਦੁਸਤਾਨੀ ਸ਼ੁੱਧ 'ਰੇ-ਧ' ਕਰਨਾਟਕੀ ਸ਼ੁੱਧ 'ਗ-ਨੀ' ਹਨ। ਇਸ ਦਾ ਕਾਰਨ ਇਹ ਹੈ ਕਿ ਕਰਨਾਟਕੀ ਪੱਧਤੀ ਵਿਚ ਕਿਸੇ ਵੀ ਸੁਰ ਨੂੰ ਕੋਮਲ ਨਹੀਂ ਮੰਨਿਆ ਗਿਆ। ਅਰਥਾਤ ਉਹਨਾਂ ਦੀ ਸੰਗੀਤ ਪੱਧਤੀ ਵਿਚ ਸ਼ੁੱਧ ਸੁਰ ਦੀ ਅਵਸਥਾ ਸਭ ਤੋਂ ਨੀਵੀਂ ਹੈ। ਸੋ ਜਦ ਉਹ ਸੁਰ ਵਿਕਰਤ ਹੁੰਦੇ ਹਨ ਤਾਂ ਉਹ ਨੀਵੇਂ ਨਹੀਂ ਆ ਸਕਦੇ, ਉੱਪਰ ਹੀ ਚੜ੍ਹ ਸਕਦੇ ਹਨ। ਜਿਵੇਂ 'ਸਾ-ਰੇ' ਅਤੇ 'ਰੇ-ਗੁ' ਵਿਚ ਅਰਧ ਸੁਰ ਦੀ ਦੂਰੀ ਹੈ। ਇਸ ਲਈ 'ਰੇ' ਅਤੇ 'ਧ' ਸੁਰ ਨੀਵੇਂ ਨਹੀਂ ਹੋ ਸਕਦੇ। 'ਰੇ' ਨੂੰ ਜਦ ਵੀ ਵਿਕਰਤ ਕਰਨਾ ਹੁੰਦਾ ਹੈ ਤਾਂ ਉਸ ਨੂੰ ਚਤੁਸ਼ਰੁਤਿਕ, ਪੰਚਸ਼ਰੁਤਿਕ ਜਾਂ ਖਟਸ਼ਰੁਤਿਕ ਰਿਸ਼ਭ ਬਣਾਉਣਾ ਪੈਂਦਾ ਹੈ। ਚਤੁਸ਼ਰੁਤਿਕ ਉਹਨਾਂ ਦਾ ਸ਼ੁੱਧ 'ਗ' ਅਤੇ ਖਟਸ਼ਰੁਤਿਕ ਉਹਨਾਂ ਦਾ ਸਾਧਾਰਣ 'ਗ' ਹੈ।

ਇਸ ਤਰ੍ਹਾਂ ਉਤਰਾਂਗ ਵਿਚ 'ਧ' ਨਾਲ ਜ਼ਬਰਦਸਤੀ ਕੀਤੀ ਗਈ ਹੈ। ਉਸ ਦਾ ਵਿਕਰਤ ਰੂਪ ਚਤੁਸ਼ਰੁਤਿਕ ਜਾਂ ਖਟਸ਼ਰੁਤਿਕ 'ਧ' ਹੈ, ਜੋ ਕਿ ਵਾਸਤਵ ਵਿਚ ਕ੍ਰਮਵਾਰ ਸ਼ੁੱਧ ਅਤੇ ਕੌਸ਼ਿਕ 'ਨੀ' ਹਨ। ਇਸ ਪ੍ਰਕਾਰ 'ਰੇ-ਧ' ਦੀ ਕੋਈ ਵਿਕਰਤ ਅਵਸਥਾ ਨਹੀਂ ਹੁੰਦੀ। ਉਸ ਨੂੰ ਜ਼ਬਰਦਸਤੀ ਵਿਕਰਤ ਬਣਾਇਆ ਜਾਂਦਾ ਹੈ।

ਇਸ ਪ੍ਰਕਾਰ ਸ਼ੜਜ ਤੇ ਗੰਧਾਰ ਵਿਚਕਾਰ ਰਿਸ਼ਭ ਅਤੇ ਪੰਚਮ ਤੇ ਨਿਸ਼ਾਦ ਵਿਚ ਧੈਵਤ ਇਹੋ ਜਿਹੇ ਫਸੇ ਹੋਏ ਹਨ ਕਿ ਇਧਰ ਉਧਰ ਹਿਲ ਹੀ ਨਹੀਂ ਸਕਦੇ। ਰਿਸ਼ਭ, ਗੰਧਾਰ, ਧੈਵਤ ਅਤੇ ਨਿਸ਼ਾਦ ਸੁਰ ਇਕ ਤੋਂ ਜ਼ਿਆਦਾ ਮੰਨੇ ਗਏ ਹਨ ਅਤੇ ਉਹਨਾਂ ਨੂੰ ਦੋ-ਦੋ ਨਾਮ ਦਿੱਤੇ ਗਏ ਹਨ। ਇਹਨਾਂ ਦੋ ਨਾਵਾਂ ਦਾ ਪ੍ਰਯੋਗ ਵੱਖਰੇ-ਵੱਖਰੇ ਮੇਲ ਵਿਚ ਕੀਤਾ ਜਾਂਦਾ ਹੈ।

ਦੱਖਣੀ ਸ਼ੁੱਧ ਥਾਟ ਨੂੰ ਕਨਕਾਂਗੀ ਦੀ ਸੰਗਿਆ ਦਿੱਤੀ ਗਈ ਹੈ। ਹਿੰਦੁਸਤਾਨੀ ਤੀਬਰ ਮੱਧਮ ਨੂੰ ਕਰਨਾਟਕ ਵਿਚ ਪ੍ਰਤਿ 'ਮ' ਕਹਿੰਦੇ ਹਨ। ਪ੍ਰਾਚੀਨ ਗ੍ਰੰਥਾਂ ਵਿਚ ਪ੍ਰਤਿ 'ਮ' ਨੂੰ ਵਰਾਲੀ 'ਮ' ਕਹਿੰਦੇ ਹਨ। ਪਰ ਹਿੰਦੁਸਤਾਨੀ ਸੰਗੀਤ ਵਿਚ ਸੁਰਾਂ ਦਾ ਇਕ ਹੀ ਨਾਮ ਹੈ। ਦੋ-ਦੋ ਨਾਮ ਨਹੀਂ। ਸ਼ੁੱਧ ਸੁਰਾਂ ਦੀ ਅਵਸਥਾ ਵਿਚਕਾਰਲੀ ਹੁੰਦੀ ਹੈ। ਸਭ ਤੋਂ ਨੀਵੀਂ ਅਵਸਥਾ ਨੂੰ ਕੋਮਲ ਅਤੇ ਸਭ ਤੋਂ ਉੱਚੀ ਅਵਸਥਾ ਨੂੰ ਤੀਬਰ ਦੀ ਸੰਗਿਆ ਦਿੱਤੀ

ਗਈ ਹੈ। ਉੱਤਰੀ ਸ਼ੁੱਧ ਥਾਟ ਨੂੰ ਬਿਲਾਵਲ ਕਿਹਾ ਜਾਂਦਾ ਹੈ। ਦੱਖਣੀ ਸ਼ੁੱਧ ਸੁਰ ਅਤੇ ਉੱਤਰੀ ਸ਼ੁਧ ਸੁਰ ਇਸ ਪ੍ਰਕਾਰ ਹੋਣਗੇ:

ਦੱਖਣੀ ਅਤੇ ਉੱਤਰੀ ਸ਼ੁੱਧ ਸੁਰਾਂ ਦੀ ਤੁਲਨਾ

ਦੱਖਣੀ ਸ਼ੁੱਧ ਸੁਰ ਸਪਤਕ — ਸਾ ਰੇ ਗ ਮ ਪ ਧ ਨੀ ਸਾਂ।
ਉੱਤਰੀ ਸੁਰ ਸਪਤਕ — ਸਾ ਰੇ ਰੇ ਮ ਪ ਧੁ ਧ ਸਾਂ।

ਵਿਚਾਰ

ਦੱਖਣੀ ਵਿਦਵਾਨ ਇਹ ਮੰਨਦੇ ਹਨ ਕਿ ਉਹਨਾਂ ਦੇ ਸੁਰ ਭਰਤ ਅਤੇ ਸਾਰਗ ਦੇਵ ਦੇ ਹਨ, ਪਰ ਇਹ ਵਿਵਸਥਾ ਭਰਤ ਦੀ ਨਹੀਂ ਹੋ ਸਕਦੀ, ਕਿਉਂਕਿ ਭਰਤ ਨੇ ਹਰ ਇਕ ਸੁਰ ਨੂੰ ਆਪਣੀ ਅਖ਼ੀਰਲੀ ਸ਼ਰੁਤੀ ’ਤੇ ਸਥਾਪਤ ਕੀਤਾ ਹੈ ਅਤੇ ਦੋ ਹੀ ਸੁਰ ਵਿਕਰਤ ਮੰਨੇ ਹਨ, ਜੋ ਕਿ ਅੰਤਰ ਗੰਧਾਰ ਅਤੇ ਕਾਕਲੀ ਨਿਸ਼ਾਦ ਹਨ।

ਧਵਨਿ ਅਤੇ ਸੰਗੀਤ ਦੇ ਲੇਖਕ ਪ੍ਰੋਫ਼ੈਸਰ ਲਲਿਤ ਕਿਸ਼ੋਰ ਸਿੰਘ ਦੇ ਸ਼ਬਦਾਂ ਵਿਚ, ਜਿਹਨਾਂ ਆਧੁਨਿਕ ਦੱਖਣੀ ਵਿਦਵਾਨਾਂ ਨੇ ਉਪਰੋਕਤ ਭਰਤ ਗ੍ਰਾਮ ਨੂੰ ਮੰਨਿਆ ਹੈ ਅਤੇ ਨਾਲ ਹੀ ਨਾਲ ਆਧੁਨਿਕ ਦੱਖਣੀ ਸ਼ੁੱਧ ਸੁਰਾਂ ਦੇ ਉਪਰ ਦਿੱਤੇ ਗਏ ਮਾਨਾਂ ਨੂੰ ਸਵੀਕਾਰ ਕੀਤਾ ਹੈ, ਉਹ ਵੀ ਇਹ ਕਹਿੰਦੇ ਹਨ ਕਿ ਦੱਖਣੀ ਸ਼ੁੱਧ ਮੇਲ ਪ੍ਰਾਚੀਨ ਭਰਤ ਗ੍ਰਾਮ ਹੀ ਹੈ। ਸੋ ਇਹ ਪ੍ਰਤੱਖ ਵਿਰੋਧ ਨਹੀਂ ਮੰਨਿਆ ਜਾ ਸਕਦਾ, ਕਿਉਂਕਿ ਭਰਤ ਗ੍ਰਾਮ ਦੱਖਣੀ ਸ਼ੁੱਧ ਮੇਲ ਤੋਂ ਨਿਰਸੰਦੇਹ ਵੱਖਰਾ ਹੈ। ਵਾਸਤਵ ਵਿਚ ਦੱਖਣੀ ਪੱਧਤੀ ਦੇ ਸੁਰ ਸਾਰੰਗ ਦੇਵ ਦੇ ਹੀ ਹਨ। ਕਿਉਂਕਿ ਉਸ ਦੇ ਸ਼ੁੱਧ ਗ੍ਰਾਮ ਵਿਚ ‘ਰੇ-ਧ’ ਅਚੱਲ ਹਨ ਅਤੇ ‘ਗ-ਨੀ’ ਕੋਮਲ ਨਹੀਂ ਹੁੰਦੇ, ਸਗੋਂ ਤੀਬਰਤਾ ਦੇ ਵੱਲ ਵਧਦੇ ਹਨ। ਸਾਰੰਗ ਦੇਵ ਦੇ ਪਿਤਾ ਭਾਵੇਂ ਕਸ਼ਮੀਰ ਦੇ ਨਿਵਾਸੀ ਸਨ, ਪਰ ਬਾਅਦ ਵਿਚ ਕਿਸੀ ਕਾਰਨ-ਵਸ ਉਹ ਦੱਖਣ ਭਾਰਤ ਵਿਚ ਚਲੇ ਗਏ। ਇਸ ਪ੍ਰਕਾਰ ਸਾਰੰਗ ਦੇਵ ’ਤੇ ਦੱਖਣੀ ਪ੍ਰਭਾਵ ਪੈਣਾ ਸੁਭਾਵਿਕ ਸੀ।

ਉੱਤਰੀ ਅਤੇ ਦੱਖਣੀ ਸੁਰਾਂ ਦੀ ਤੁਲਨਾ

ਲੜੀ ਨੰ:	ਸ਼ਰੁਤੀ ਨਾਮ	ਉੱਤਰੀ ਸੁਰ	ਦੱਖਣੀ ਸੁਰ	ਗੁਣਾਂਤਰ	ਅੰਦੋਲਨ
1.	ਤੀਵਰਾ	ਸਾ	ਸਾ	1	240
2.					
3.	ਮੰਦਾ	ਕੋਮਲ ਰੇ	ਸ਼ੁੱਧ ਰੇ	$\frac{16}{15}$	256
4.					
5.	ਦਯਾਵਤੀ	ਸ਼ੁੱਧ ਰੇ	ਚਤੁਸ਼ਰੁਤਿ ਰੇ, ਜਾਂ ਸ਼ੁੱਧ ਗ	$\frac{9}{8}$	270
6.					
7.	ਰਕਤਿਕਾ	ਕੋਮਲ ਗੁ	ਖਟਸ਼ਰੁਤਿ ਰੇ, ਜਾਂ ਸਾਧਾਰਣ ਗ	$\frac{6}{5}$	288
8.	ਰੌਦਰੀ	ਸ਼ੁੱਧ ਗ	ਅੰਤਰ ਗ	$\frac{5}{4}$	300
9.					
10.	ਵਜਿਰਕਾ	ਸ਼ੁੱਧ ਮ	ਸ਼ੁੱਧ ਮ	$\frac{4}{3}$	320
11.					
12.	ਪ੍ਰੀਤਿ	ਤੀਬਰ ਮੇ	ਪ੍ਰਤਿ ਮ	$\frac{45}{32}$	337 $\frac{1}{2}$
13.					
14.	ਸ਼ਕਤੀ	ਪ	ਪ	$\frac{3}{2}$	360
15.					
16.	ਸੰਦੀਪਨੀ	ਕੋਮਲ ਧੁ	ਸ਼ੁੱਧ ਧ	$\frac{8}{5}$	384
17.					
18.	ਮੰਦਤੀ	ਸ਼ੁੱਧ ਧ	ਚਤੁਸ਼ਰੁਤਿ ਧ ਜਾਂ ਸ਼ੁੱਧ ਨੀ	$\frac{27}{16}$	405
19.					
20.	ਰਮਯਾ	ਕੋਮਲ ਨੁੀ	ਖਟਸ਼ਰੁਤਿ ਧ ਜਾਂ ਕੈਸ਼ਿਕ ਨੀ	$\frac{16}{9}$	426 $\frac{4}{9}$
21.	ਉਗਰਾ	ਸ਼ੁੱਧ ਨੀ	ਕਾਕਲੀ ਨੀ	$\frac{15}{8}$	450
22.					

ਕਰਨਾਟਕੀ ਅਤੇ ਹਿੰਦੁਸਤਾਨੀ ਰਾਗਾਂ ਦੀ ਤੁਲਨਾ

ਕਰਨਾਟਕੀ ਅਤੇ ਹਿੰਦੁਸਤਾਨੀ ਰਾਗਾਂ ਵਿਚ ਵੀ ਅੰਤਰ ਪਾਇਆ ਜਾਂਦਾ ਹੈ। ਰਾਗਾਂ ਦੇ ਨਾਵਾਂ ਵਿਚ ਤਾਂ ਕਿਤੇ ਕਿਤੇ ਸਮਾਨਤਾ ਹੈ, ਪਰ ਉਹਨਾਂ ਦੇ ਸੁਰ ਤੇ ਸਰੂਪਾਂ ਵਿਚ ਅੰਤਰ ਪਾਇਆ ਜਾਂਦਾ ਹੈ। ਉਹਨਾਂ ਦੇ ਕੁਝ ਰਾਗਾਂ ਦੇ ਨਾਮ ਬਿਲਕੁਲ ਨਵੇਂ ਹਨ ਅਤੇ ਕੁਝ ਨਾਮ ਦੋਨਾਂ ਪੱਧਤੀਆਂ ਵਿਚ ਇੱਕੋ ਜਿਹੇ ਹਨ ਅਤੇ ਕੁਝ ਨਾਮ ਉਲਟ-ਪੁਲਟ ਕੇ ਰੱਖੇ ਗਏ ਹਨ। ਜਿਵੇਂ ਉੱਤਰੀ ਪੱਧਤੀ ਵਿਚ ਜਿਸ ਰਾਗ ਨੂੰ ਭੈਰਵੀ ਕਹਿੰਦੇ ਹਨ, ਕਰਨਾਟਕੀ ਪੱਧਤੀ ਵਿਚ ਉਸ ਨੂੰ ਤੋੜੀ ਕਹਿੰਦੇ ਹਨ ਜਿਸ ਰਾਗ ਨੂੰ ਅਸੀਂ ਤੋੜੀ ਕਹਿੰਦੇ ਹਾਂ, ਉਸ ਨੂੰ ਉਹ ਸ਼ੁਭਪੰਤਵਰਾਲੀ ਕਹਿੰਦੇ ਹਨ।

ਜਿਸ ਪ੍ਰਕਾਰ ਹਿੰਦੁਸਤਾਨੀ ਸੰਗੀਤ ਵਿਚ ਰਾਗਾਂ ਦੀਆਂ ਮੁੱਖ ਤਿੰਨ ਜਾਤੀਆਂ ਸੰਪੂਰਨ, ਛਾੜਵ, ਔੜਵ ਹਨ, ਉਸੇ ਪ੍ਰਕਾਰ ਕਰਨਾਟਕੀ ਸੰਗੀਤ ਪੱਧਤੀ ਵਿਚ ਪੰਜ ਜਾਤੀਆਂ ਮੰਨੀਆਂ ਜਾਂਦੀਆਂ ਹਨ, ਜੋ ਇਸ ਪ੍ਰਕਾਰ ਹਨ : ਸੰਪੂਰਨ, ਛਾੜਵ, ਔੜਵ, ਵਕਰ ਅਤੇ ਸੰਕੀਰਣ। ਕਰਨਾਟਕੀ ਪੱਧਤੀ ਵਿਚ ਰਾਗਾਂ ਦੇ ਸੁਰ ਗਮਕ ਸਹਿਤ ਹੁੰਦੇ ਹਨ, ਜਿਹਨਾਂ ਨਾਲ ਰਾਗਾਂ ਦਾ ਸਰੂਪ ਸਪੱਸ਼ਟ ਹੁੰਦਾ ਹੈ। ਦੋਨਾਂ ਪੱਧਤੀਆਂ ਦੇ ਕੁਝ ਰਾਗ ਜੋ ਆਪਸ ਵਿਚ ਸਮਤਾ ਤੇ ਅਸਮਤਾ ਰੱਖਦੇ ਹਨ, ਉਹ ਇਸ ਪ੍ਰਕਾਰ ਹਨ :

ਭਾਰਤੀ ਤੇ ਦੱਖਣੀ ਰਾਗਾਂ ਦੀ ਤੁਲਨਾ

ਲੜੀ ਨੰ:	*ਕਰਨਾਟਕੀ ਰਾਗ*	*ਹਿੰਦੁਸਤਾਨੀ ਰਾਗ*
1.	ਮੇਚ ਕਲਿਆਣੀ	ਕਲਿਆਣ
2.	ਧੀਰਸ਼ਕਰਾਭਰਣ	ਬਿਲਾਵਲ
3.	ਹਰਕਾਭੋਜੀ	ਖਮਾਜ
4.	ਖਰਹਰਪ੍ਰਿਆ	ਕਾਫੀ
5.	ਹਨੁਮਤ ਤੋੜੀ	ਭੈਰਵੀ
6.	ਮਾਯਾਮਾਲਵ ਗੌੜ	ਭੈਰਵ
7.	ਨਟ ਭੈਰਵੀ	ਆਸਾਵਰੀ
8.	ਕਾਮਵਰਧਨੀ	ਪੂਰਵੀ
9.	ਗਮਨ ਪ੍ਰਿਆ	ਮਾਰਵਾ
10.	ਸ਼ੁਭਪੰਤ ਵਰਾਲੀ	ਤੋੜੀ
11.	ਮੋਹਨਮ	ਭੁਪਾਲੀ
12.	ਅਭੇਰੀ	ਭੀਮਪਲਾਸੀ
13.	ਸ੍ਰੀ ਰੰਜਨੀ	ਬਾਗੇ ਸ੍ਰੀ
14.	ਦ੍ਵਿਜਵੰਤੀ	ਜੈਜਾਵੰਤੀ
15.	ਸ਼ੁਧ ਸਾਵੇਰੀ	ਦੁਰਗਾ
16.	ਹੰਸਾ ਨਦੀ	ਸੋਹਨੀ
17.	ਸਾਵੇਰੀ	ਜੋਗੀਆ
18.	ਹਿੰਡੋਲਮ	ਮਾਲਕੌਂਸ
19.	ਮਧਯਮਾਨਤ	ਮਦਮਾਦ ਸਾਰੰਗ

ਕਰਨਾਟਕੀ ਤਾਲ ਪੱਧਤੀ

ਦੱਖਣੀ ਸੰਗੀਤ ਦੀ ਤਾਲ ਪੱਧਤੀ ਉੱਤਰੀ ਸੰਗੀਤ ਦੀ ਤਾਲ ਪੱਧਤੀ ਤੋਂ ਪੂਰੀ ਤਰ੍ਹਾਂ ਵੱਖਰੀ ਹੈ। ਹਿੰਦੁਸਤਾਨੀ ਸੰਗੀਤ ਵਿਚ ਤਾਲਾਂ ਦੀ ਸੰਖਿਆ ਦਾ ਕੋਈ ਅੰਤ ਨਹੀਂ, ਬੇਅੰਤ ਤਾਲ ਹਨ ਅਤੇ ਨਵੇਂ ਨਵੇਂ ਤਾਲ, ਮਾਤਰਾਵਾਂ ਅਤੇ ਵਿਭਾਗਾਂ ਦੇ ਅਨੁਸਾਰ ਆਪਣੀ ਪੱਧਤੀ ਵਿਚ ਤਾਲਾਂ ਦੀ ਰਚਨਾ ਹੁੰਦੀ ਰਹਿੰਦੀ ਹੈ। ਪਰ ਦੱਖਣੀ ਤਾਲ ਪੱਧਤੀ ਇਸ ਨਾਲੋਂ ਬਿਲਕੁਲ ਵੱਖਰੀ ਹੈ ਅਤੇ ਤਾਲਾਂ ਦੀ ਗਿਣਤੀ ਨਿਸ਼ਚਿਤ ਹੈ।

ਦੱਖਣੀ ਆਧੁਨਿਕ ਤਾਲ ਪੱਧਤੀ ਵਿਚ ਕੁਲ ਮੁੱਖ 7 ਤਾਲ ਮੰਨੇ ਜਾਂਦੇ ਹਨ, ਜਿਹਨਾਂ ਦੇ ਨਾਮ ਇਸ ਪ੍ਰਕਾਰ ਹਨ: (1) ਧਰੁਵ, (2) ਮੱਠ, (3) ਰੂਪਕ, (4) ਝੰਪ, (5) ਤ੍ਰਿਪੁਟ, (6) ਅੱਠ, (7) ਇਕ ਤਾਲ।

ਇਹਨਾਂ ਸੱਤ ਤਾਲਾਂ ਵਿਚ ਹਰ ਇਕ ਤਾਲ ਦੀਆਂ 5-5 ਜਾਤੀਆਂ ਹੁੰਦੀਆਂ ਹਨ, ਜੋ ਇਸ ਪ੍ਰਕਾਰ ਹਨ: (1) ਚਤੁੱਸਤਰ, (2) ਤਿਸੱਤਰ, (3) ਮਿਸ਼ਰ ਜਾਤੀ, (4) ਖੰਡ ਜਾਤੀ, (5) ਸੰਕੀਰਣ ਜਾਤੀ।

ਹਰ ਇਕ ਤਾਲ ਦੀਆਂ ਮਾਤਰਾਵਾਂ ਉਹਨਾਂ ਦੀਆਂ ਜਾਤੀਆਂ ਦੇ ਹਿਸਾਬ ਨਾਲ ਬਦਲ ਜਾਂਦੀਆਂ ਹਨ।

ਮੁੱਖ ਤਾਲ ਕੁਲ 7 ਹਨ ਅਤੇ ਉਹਨਾਂ ਦੀਆਂ 5-5 ਜਾਤੀਆਂ ਹਨ। ਇਸ ਪ੍ਰਕਾਰ ਕੁਲ ਮਿਲਾ ਕੇ 7 × 5 = 35 ਤਾਲ ਇਸ ਪੱਧਤੀ ਵਿਚ ਮੰਨੇ ਜਾਂਦੇ ਹਨ, ਅਰਥਾਤ 35 ਤਾਲਾਂ ਦੀ ਉੱਤਰੀ ਸੰਗੀਤ ਤਾਲ ਪੱਧਤੀ ਪ੍ਰਚਲਿਤ ਹੈ। ਦੱਖਣੀ ਪੱਧਤੀ ਵਿਚ ਤਾਲਾਂ ਨੂੰ ਲਿਖਣ ਦੇ ਲਈ ਛੇ ਚਿੰਨ੍ਹ ਨਿਯਤ ਕੀਤੇ ਗਏ ਹਨ, ਜਿਹਨਾਂ ਦੀ ਸਹਾਇਤਾ ਨਾਲ ਇਹਨਾਂ ਤਾਲਾਂ ਨੂੰ ਲਿਖਿਆ ਜਾਂਦਾ ਹੈ। ਇਹ ਛੇ ਚਿੰਨ੍ਹ ਇਸ ਪ੍ਰਕਾਰ ਹਨ:

ਦੱਖਣੀ ਪੱਧਤੀ 'ਤੇ ਤਾਲ ਚਿੰਨ੍ਹ

ਲੜੀ ਨੰ:	*ਚਿੰਨ੍ਹ ਦਾ ਨਾਮ*	*ਚਿੰਨ੍ਹ*	*ਮਾਤਰੇ*
1.	ਅਣੂਦ੍ਰੁਤ ਜਾਂ ਵਿਰਾਮ	◡	1
2.	ਲਘੂ	1	4
3.	ਦ੍ਰੁਤਿ	0	2
4.	ਗੁਰੂ	S	8
5.	ਪਲੁਤ	3	12
6.	ਕਾਕਪਦ	x	16

ਇਹਨਾਂ ਛੇਆਂ ਚਿੰਨ੍ਹਾਂ ਵਿੱਚੋਂ ਲਘੂ ਨਾਮ ਦੇ ਚਿੰਨ੍ਹ ਦਾ ਖ਼ਾਸ ਮਹੱਤਵ ਹੈ ਅਤੇ ਇਸ ਇਕ ਚਿੰਨ੍ਹ ਦੇ ਕਾਰਨ ਤਾਲ ਦੀਆਂ ਭਿੰਨ ਭਿੰਨ ਜਾਤੀਆਂ ਪੈਦਾ ਹੁੰਦੀਆਂ ਹਨ। ਭਾਵੇਂ ਲਘੂ ਦੀਆਂ 4 ਮਾਤਰਾਂ ਦੱਸੀਆਂ ਗਈਆਂ ਹਨ, ਪਰ ਪੰਜ ਜਾਤੀ ਭੇਦ ਦੇ ਕਾਰਨ ਲਘੂ ਦੀਆਂ ਮਾਤਰਾਵਾਂ ਬਦਲਦੀਆਂ ਰਹਿੰਦੀਆਂ ਹਨ ਅਤੇ ਇਸੇ ਪਰਿਵਰਤਨ ਦੇ ਨਾਲ ਪੰਜ ਜਾਤੀਆਂ ਪੈਦਾ ਹੁੰਦੀਆਂ ਹਨ, ਜੋ ਇਸ ਪ੍ਰਕਾਰ ਹਨ:

ਮੁੱਖ ਤਾਲ ਅਤੇ ਜਾਤੀਆਂ ਵਿਚ ਲਘੂ ਦਾ ਅੰਤਰ

ਲੜੀ ਨੰ:	ਤਾਲ	ਚਿੰਨ੍ਹ	ਚਤੁਸੱਤਰ	ਤਿਸੱਤਰ	ਮਿਸ਼ਰ	ਖੰਡ	ਸੰਕੀਰਣ
1.	ਧਰੁਵ ਤਾਲ	1011	4-2-4-4	3-2-3-3	7-2-7-7	5-2-5-5	9-2-9-9
2.	ਮੱਠ ਤਾਲ	101	4-2-4	3-2-3	7-2-7	5-2-5	9-2-9
3.	ਰੂਪਕ ਤਾਲ	10	4-2	3-2	7-2	5-2	9-2
4.	ਝੰਪ ਤਾਲ	1◡0	4-1-2	3-1-2	7-1-2	5-1-2	9-1-2
5.	ਤ੍ਰਿਪੁਟ ਤਾਲ	100	4-2-2	3-2-2	7-2-2	5-2-2	9-2-2
6.	ਅੱਠ ਤਾਲ	1100	4-4-2-2	3-3-2-2	7-7-2-2	5-5-2-2	9-9-2-2
7.	ਇਕ ਤਾਲ	1	4	3	7	5	9

ਪ੍ਰਾਚੀਨ ਤੇ ਆਧੁਨਿਕ ਵਿਚ ਤਾਲਾਂ ਦਾ ਪ੍ਰਯੋਗ

ਕਰਨਾਟਕੀ ਤਾਲ ਪੱਧਤੀ ਦੇ ਛੇ ਚਿੰਨ੍ਹਾਂ ਵਿੱਚੋਂ ਅੱਜ ਕੱਲ ਤਿੰਨ ਹੀ ਚਿੰਨ੍ਹ ਵਰਤੇ ਜਾਂਦੇ ਹਨ, ਕਿਉਂਕਿ ਪ੍ਰਾਚੀਨ ਕਾਲ ਵਿਚ ਦੱਖਣੀ ਪੱਧਤੀ ਵਿਚ 108 ਤਾਲਾਂ ਦਾ ਪ੍ਰਯੋਗ ਹੁੰਦਾ ਸੀ, ਪਰ ਅੱਜ ਕੱਲ 35 ਤਾਲਾਂ ਦਾ ਪ੍ਰਯੋਗ ਹੁੰਦਾ ਹੈ। ਇਸ ਲਈ ਅਣੂਦ੍ਰੁਤ, ਦ੍ਰੁਤ ਅਤੇ ਲਘੂ ਦੀ ਵਰਤੋਂ ਕੀਤੀ ਜਾਂਦੀ ਹੈ।

ਮੁੱਖ ਤਾਲ ਸੱਤ ਹਨ। ਲਘੂ ਦੇ ਪੰਜ ਜਾਤੀ ਭੇਦ ਦੇ ਕਾਰਨ 35 ਤਾਲ ਬਣ ਜਾਂਦੇ ਹਨ ਅਤੇ 5-5 ਜਾਤੀਆਂ ਦੇ 5-5 ਗਤੀ ਭੇਦ ਹੁੰਦੇ ਹਨ, ਜਿਹਨਾਂ ਦੇ ਕਾਰਨ ਕੁਲ 175 ਤਾਲ ਬਣ ਜਾਂਦੇ ਹਨ। ਜਿਵੇਂ 7 ਮੁੱਖ ਤਾਲ 5-5 ਜਾਤੀ, 5-5 ਗਤੀ ਭੇਦ $7 \times 5 \times 5 = 175$ ਕੁਲ ਤਾਲ ਬਣਦੇ ਹਨ, ਜਿਹਨਾਂ ਦੇ ਚਾਰਟ ਅੱਗੇ ਦਿੱਤੇ ਜਾਂਦੇ ਹਨ :

(1) ਚਤੁਸੱਤਰ ਜਾਤੀ ਦੇ ਗਤੀ ਭੇਦ

1. ਸੰਖਿਆ	1	2	3	4	5	6	7
2. ਤਾਲ ਦਾ ਨਾਮ	ਧਰੁਵ ਤਾਲ	ਮੱਠ ਤਾਲ	ਰੂਪਕ ਤਾਲ	ਝੰਪ ਤਾਲ	ਤ੍ਰਿਪੁਟ ਤਾਲ	ਅੱਠ ਤਾਲ	ਇਕ ਤਾਲ
3. ਚਿੰਨ੍ਹ	1011	101	10	1◡0	100	1100	1
4. ਅੱਖਰ ਕਾਲ	14	10	6	7	8	12	4
5. ਚਤੁਸੱਤਰ ਗਤੀ	56	40	24	28	32	48	16
6. ਤਿਸੱਰਤ ਗਤੀ	42	30	18	21	24	36	12
7. ਮਿਸ਼ਰ ਗਤੀ	98	70	42	49	56	84	28
8. ਖੰਡ ਗਤੀ	70	50	30	35	40	60	20
9. ਸੰਕੀਰਣ ਗਤੀ	126	90	54	63	72	108	36

(2) ਤਿਸੱਰਤ ਜਾਤੀ ਦੇ ਗਤੀ ਭੇਦ

1. ਸੰਖਿਆ	1	2	3	4	5	6	7
2. ਤਾਲ ਦਾ ਨਾਮ	ਧਰੁਵ ਤਾਲ	ਮੱਠ ਤਾਲ	ਰੂਪਕ ਤਾਲ	ਝੰਪ ਤਾਲ	ਤ੍ਰਿਪੁਟ ਤਾਲ	ਅੱਠ ਤਾਲ	ਇਕ ਤਾਲ
3. ਚਿੰਨ੍ਹ	1011	101	10	1‿0	100	1100	1
4. ਅੱਖਰ ਕਾਲ	11	8	5	6	7	10	3
5. ਚਤੁਸੱਤਰ ਗਤੀ	44	32	20	24	28	40	12
6. ਤਿਸੱਰਤ ਗਤੀ	33	24	15	18	21	30	9
7. ਮਿਸ਼ਰ ਗਤੀ	77	56	35	42	49	70	21
8. ਖੰਡ ਗਤੀ	55	40	25	30	35	50	15
9. ਸੰਕੀਰਣ ਗਤੀ	99	72	45	54	63	90	27

(3) ਮਿਸ਼ਰ ਜਾਤੀ ਦੇ ਗਤੀ ਭੇਦ

1. ਸੰਖਿਆ	1	2	3	4	5	6	7
2. ਤਾਲ ਦਾ ਨਾਮ	ਧਰੁਵ ਤਾਲ	ਮੱਠ ਤਾਲ	ਰੂਪਕ ਤਾਲ	ਝੰਪ ਤਾਲ	ਤ੍ਰਿਪੁਟ ਤਾਲ	ਅੱਠ ਤਾਲ	ਇਕ ਤਾਲ
3. ਚਿੰਨ੍ਹ	1011	101	10	1‿0	100	1100	1
4. ਅੱਖਰ ਕਾਲ	23	16	9	10	11	18	7
5. ਚਤੁਸੱਤਰ ਗਤੀ	92	64	36	40	44	72	28
6. ਤਿਸੱਰਤ ਗਤੀ	69	48	27	30	33	54	21
7. ਮਿਸ਼ਰ ਗਤੀ	161	112	63	70	77	126	49
8. ਖੰਡ ਗਤੀ	115	80	45	50	55	90	35
9. ਸੰਕੀਰਣ ਗਤੀ	207	144	81	90	99	162	63

(4) ਖੰਡ ਜਾਤੀ ਦੇ ਗਤੀ ਭੇਦ

1. ਸੰਖਿਆ	1	2	3	4	5	6	7
2. ਤਾਲ ਦਾ ਨਾਮ	ਧਰੁਵ ਤਾਲ	ਮੱਠ ਤਾਲ	ਰੂਪਕ ਤਾਲ	ਝੰਪ ਤਾਲ	ਤ੍ਰਿਪੁਟ ਤਾਲ	ਅੱਠ ਤਾਲ	ਇਕ ਤਾਲ
3. ਚਿੰਨ੍ਹ	1011	101	10	1‿0	100	1100	1
4. ਅੱਖਰ ਕਾਲ	17	12	7	8	9	14	5
5. ਚਤੁਸੱਤਰ ਗਤੀ	68	48	28	32	36	56	20
6. ਤਿਸੱਰਤ ਗਤੀ	51	36	21	24	27	42	15
7. ਮਿਸ਼ਰ ਗਤੀ	119	84	49	56	63	98	37
8. ਖੰਡ ਗਤੀ	85	60	35	40	45	70	25
9. ਸੰਕੀਰਣ ਗਤੀ	153	108	63	72	81	126	45

(5) ਸੰਕੀਰਣ ਜਾਤੀ ਦੇ ਗਤੀ ਭੇਦ

1. ਸੰਖਿਆ	1	2	3	4	5	6	7
2. ਤਾਲ ਦਾ ਨਾਮ	ਧਰੁਵ ਤਾਲ	ਮੱਠ ਤਾਲ	ਰੂਪਕ ਤਾਲ	ਝੰਪ ਤਾਲ	ਤ੍ਰਿਪੁਟ ਤਾਲ	ਅੱਠ ਤਾਲ	ਇਕ ਤਾਲ
3. ਚਿੰਨ੍ਹ	1011	101	10	1◡0	100	1100	1
4. ਅੱਖਰ ਕਾਲ	29	20	11	12	13	22	9
5. ਚਤੁਸੱਤਰ ਗਤੀ	116	80	44	48	52	88	36
6. ਤਿਸੱਰਤ ਗਤੀ	87	60	33	36	39	66	27
7. ਮਿਸ਼ਰ ਗਤੀ	203	140	77	84	91	154	63
8. ਖੰਡ ਗਤੀ	145	100	55	60	65	110	45
9. ਸੰਕੀਰਣ ਗਤੀ	261	180	99	108	117	198	81

ਦੱਖਣੀ ਪੱਧਤੀ 'ਤੇ ਤਾਲਾਂ ਨੂੰ ਉੱਤਰੀ ਪੱਧਤੀ ਵਿਚ ਲਿਖਣ ਦਾ ਢੰਗ

ਦੱਖਣੀ ਤਾਲ ਪੱਧਤੀ ਵਿਚ ਜਾਤੀ ਬਦਲਣ ਨਾਲ ਕੇਵਲ ਲਘੂ ਦਾ ਮੁੱਲ ਬਦਲ ਜਾਂਦਾ ਹੈ, ਪਰ ਜਾਤੀ ਬਦਲਣ ਨਾਲ ਤਾਲ ਦੇ ਚਿੰਨ੍ਹ ਨਹੀਂ ਬਦਲਦੇ। ਜਿਵੇਂ ਧਰੁਵ ਤਾਲ ਦੇ ਚਿੰਨ੍ਹ ਹਰ ਇਕ ਜਾਤੀ ਵਿਚ 1011 ਹੀ ਰਹਿਣਗੇ, ਕੇਵਲ ਜਾਤੀ ਦਾ ਉਲੇਖ ਕਰਨ ਨਾਲ ਲਘੂ ਦਾ ਮੁੱਲ ਘੱਟ ਜਾਂ ਵੱਧ ਜਾਂਦਾ ਹੈ ਅਤੇ ਇਸ ਨੂੰ ਲਿਖਣ ਲਈ ਜਿਸ ਜਾਤੀ ਦਾ ਤਾਲ ਬਣਾਉਣਾ ਹੋਵੇ ਜਾਂ ਦੱਸਣਾ ਹੋਵੇ, ਉਹ ਜਾਤੀ ਦਾ ਅੰਕ ਲਘੂ ਦੇ ਅੱਗੇ ਲਿਖਿਆ ਜਾਂਦਾ ਹੈ। ਜਿਵੇਂ ਧਰੁਵ ਤਾਲ ਦੇ ਚਿੰਨ੍ਹ '1_3-0-1_3-1_3' ਇਸ ਪ੍ਰਕਾਰ ਲਿਖਣ ਨਾਲ ਇਹ ਤਾਲ ਤਿਸੱਤਰ ਜਾਤੀ ਦਾ ਮੰਨਿਆ ਜਾਵੇਗਾ, ਕਿਉਂਕਿ ਤਿਸੱਤਰ ਜਾਤੀ ਵਿਚ ਲਘੂ ਦਾ ਮੁੱਲ 3 ਮਾਤਰੇ ਹੈ। ਜੇਕਰ ਸਿਰਫ਼ ਖ਼ਾਲੀ ਚਿੰਨ੍ਹ ਹੀ ਦਿੱਤੇ ਗਏ ਹੋਣ ਅਤੇ ਲਘੂ ਦੇ ਅੱਗੇ ਕੋਈ ਅੰਕ ਨਾ ਲਿਖਿਆ ਹੋਵੇ ਤਾਂ ਉਹ ਤਾਲ ਚਤੁਸੱਤਰ ਜਾਤੀ ਦਾ ਮੰਨਿਆ ਜਾਂਦਾ ਹੈ। ਬਾਕ਼ੀ ਕਿਸੇ ਵੀ ਚਿੰਨ੍ਹ ਅੱਗੇ ਕੋਈ ਅੰਕ ਨਹੀਂ ਲਿਖਿਆ ਜਾਂਦਾ, ਕਿਉਂਕਿ ਉਹਨਾਂ ਦਾ ਮੁੱਲ ਘਟਦਾ ਵਧਦਾ ਨਹੀਂ।

ਹੁਣ ਜੇਕਰ ਅਸੀਂ ਧਰੁਵ ਤਾਲ ਨੂੰ ਹਿੰਦੁਸਤਾਨੀ ਤਾਲ ਪੱਧਤੀ ਵਿਚ ਲਿਖਣਾ ਚਾਹੀਏ ਤਾਂ ਸਾਨੂੰ ਇਸ ਤਰ੍ਹਾਂ ਲਿਖਣਾ ਪਵੇਗਾ :

ਧਰੁਵ ਤਾਲ

ਮਾਤਰੇ	1 2 3 4	5 6	7 8 9 10	11 12 13 14
ਤਾਲ ਚਿੰਨ੍ਹ	x	2	3	4

ਇਹ ਚਤੁਸੱਤਰ ਜਾਤੀ ਦਾ ਧਰੁਵ ਤਾਲ ਹੈ। ਬਾਕੀ ਤਾਲ ਵੀ ਇਸੇ ਤਰ੍ਹਾਂ ਲਿਖੇ ਜਾਂਦੇ ਹਨ। ਇਸ ਪੱਧਤੀ ਵਿਚ ਜਿਤਨੇ ਚਿੰਨ੍ਹ ਹੁੰਦੇ ਹਨ, ਉਸ ਵਿਚ ਉਤਨੇ ਹੀ ਵਿਭਾਗ ਹੁੰਦੇ ਹਨ। ਤਾਲ ਦਾ ਸਮ ਹਮੇਸ਼ਾ ਪਹਿਲੀ ਮਾਤਰਾ 'ਤੇ ਹੁੰਦਾ ਹੈ ਅਤੇ ਖ਼ਾਲੀ ਦਾ ਵਿਭਾਗ ਵੱਖਰਾ ਨਹੀਂ ਹੁੰਦਾ।

ਇਸ ਪੱਧਤੀ ਵਿਚ ਤਾਲ ਦੇਣ ਦੇ ਲਈ ਮੁੱਖ ਤਿੰਨ ਕ੍ਰਿਆਵਾਂ ਕੀਤੀਆਂ ਜਾਂਦੀਆਂ ਹਨ, ਜੋ ਇਸ ਪ੍ਰਕਾਰ ਹਨ :

(1) **ਘਾਤ ਕਰਨਾ**—ਇਸ ਵਿਚ ਹੱਥ ਨਾਲ ਤਾਲੀ ਦੇਣੀ ਪੈਂਦੀ ਹੈ। ਜ਼ਿਆਦਾਤਰ ਸਮ 'ਤੇ ਘਾਤ ਕਰਦੇ ਹਨ।

(2) **ਉਂਗਲੀ ਗਿਣਨਾ**—ਤਾਲੀ ਜਾਂ ਖ਼ਾਲੀ ਦੇਣ ਤੋਂ ਬਾਅਦ ਮਾਤਰਾਵਾਂ ਨੂੰ ਉਂਗਲੀਆਂ 'ਤੇ ਗਿਣਿਆ ਜਾਂਦਾ ਹੈ ਅਤੇ ਉਂਗਲੀਆਂ ਨੂੰ ਗਿਣਨ ਦੇ ਲਈ ਜ਼ਿਆਦਾਤਰ ਕਨਿਸ਼ਟਾ ਤੋਂ ਸ਼ੁਰੂ ਕਰਦੇ ਹਨ।

(3) **ਵਿਸਰਜਤੱਮ**—ਖ਼ਾਲੀ ਦੇ ਲਈ ਕਰਨਾਟਕੀ ਤਾਲ ਪੱਧਤੀ ਵਿਚ 'ਵਿਸਰਜਤੱਮ' ਸ਼ਬਦ ਦਾ ਪ੍ਰਯੋਗ ਕੀਤਾ ਜਾਂਦਾ ਹੈ। ਪਰ ਧਿਆਨ ਨਾਲ ਵੇਖਿਆ ਜਾਵੇ ਤਾਂ 'ਵਿਸਰਜਤੱਮ' ਨੂੰ ਖ਼ਾਲੀ ਨਹੀਂ ਕਹਿ ਸਕਦੇ, ਕਿਉਂਕਿ ਇਸ ਦਾ ਪ੍ਰਯੋਗ ਘਾਤ ਦੇ ਬਾਅਦ ਮਾਤਰਾਵਾਂ ਨੂੰ ਗਿਣਨ ਦੇ ਲਈ ਕੀਤਾ ਜਾਂਦਾ ਹੈ। ਜਿਵੇਂ ਦ੍ਰੁਤ ਚਿੰਨ੍ਹ (0) ਵਿਚ ਦੋ ਕ੍ਰਿਆਵਾਂ ਹੁੰਦੀਆਂ ਹਨ। ਇਕ ਘਾਤ ਤੇ ਇਕ ਵਿਸਰਜਤੱਮ। ਵਿਸਰਜਤੱਮ ਦੇ ਤਿੰਨ ਭੇਦ ਮੰਨੇ ਜਾਂਦੇ ਹਨ:

(ੳ) **ਪਤਾਕ ਵਿਸਰਜਤੱਮ**—ਹੱਥ ਨੂੰ ਉਪਰ ਚੁੱਕ ਕੇ ਮਾਤਰਾਵਾਂ ਦੇ ਗਿਣਨ ਨੂੰ 'ਪਤਾਕ ਵਿਸਰਜਤੱਮ' ਕਹਿੰਦੇ ਹਨ।

(ਅ) **ਕ੍ਰਿਸ਼ਯ ਵਿਸਰਜਤੱਮ**—ਹੱਥ ਨੂੰ ਖੱਬੇ ਪਾਸੇ ਹਿਲਾ ਕੇ ਮਾਤਰਾਵਾਂ ਦੇ ਗਿਣਨ ਨੂੰ 'ਕ੍ਰਿਸ਼ਯ ਵਿਸਰਜਤੱਮ' ਕਹਿੰਦੇ ਹਨ।

(ੲ) **ਸਰਪਿਣੀ ਵਿਸਰਜਤੱਮ**—ਹੱਥ ਨੂੰ ਸੱਜੇ ਪਾਸੇ ਹਿਲਾ ਕੇ ਮਾਤਰਾਵਾਂ ਦੇ ਗਿਣਨ ਨੂੰ 'ਸਰਪਿਣੀ ਵਿਸਰਜਤੱਮ' ਕਹਿੰਦੇ ਹਨ।

ਹੁਣ ਦੇਖਣ ਤੋਂ ਇਹ ਪਤਾ ਚੱਲਦਾ ਹੈ ਕਿ ਦੱਖਣੀ ਅੱਠ ਤਾਲ (1100) ਸਾਡੀ ਪੱਧਤੀ ਦੇ ਚਾਰ ਤਾਲ ਜਾਂ ਇਕ ਤਾਲ ਦੇ ਸਮਾਨ ਹੈ, ਕਿਉਂਕਿ ਉਹਨਾਂ ਦੀ ਪੱਧਤੀ ਵਿਚ ਖ਼ਾਲੀ ਦੀ ਵੱਖਰੀ ਜਗ੍ਹਾ ਨਹੀਂ ਹੁੰਦੀ। ਹੁਣ ਜਿਸ ਪ੍ਰਕਾਰ ਕਰਨਾਟਕੀ ਪੱਧਤੀ ਦੇ ਤਾਲ ਹਿੰਦੁਸਤਾਨੀ ਤਾਲ ਪੱਧਤੀ ਵਿਚ ਲਿਖੇ ਜਾ ਸਕਦੇ ਹਨ, ਉਸੇ ਪ੍ਰਕਾਰ ਹਿੰਦੁਸਤਾਨੀ ਤਾਲਾਂ ਨੂੰ ਵੀ ਕਰਨਾਟਕੀ ਤਾਲ ਪੱਧਤੀ ਵਿਚ ਲਿਖਿਆ ਜਾ ਸਕਦਾ ਹੈ।

ਜੇਕਰ ਝਪਤਾਲ ਨੂੰ ਕਰਨਾਟਕੀ ਤਾਲ ਪੱਧਤੀ ਵਿਚ ਲਿਖਿਆ ਜਾਵੇ ਤਾਂ ਵਿਭਾਗ ਅਨੁਸਾਰ ਉਸ ਨੂੰ ਇਸ ਪ੍ਰਕਾਰ '0-1_3-0-1_3' ਲਿਖਾਂਗੇ। ਪਰ ਦੱਖਣੀ ਤਾਲ ਪੱਧਤੀ ਵਿਚ ਖ਼ਾਲੀ ਦਾ ਵਿਭਾਗ ਨਹੀਂ ਮੰਨਿਆ ਜਾਂਦਾ। ਇਸ ਲਈ ਉਸ ਦੀਆਂ ਮਾਤਰਾਵਾਂ ਇਸ ਪ੍ਰਕਾਰ ਹੋਣਗੀਆਂ '2-,5,3' ਅਤੇ ਉਸ ਨੂੰ ਲਿਖਣ ਲਈ ਇਸ ਪ੍ਰਕਾਰ '0 ◡1 ◡0 ' ਲਿਖਾਂਗੇ।

ਜੇਕਰ ਜਾਤੀ ਦਾ ਉਲੇਖ ਨਹੀਂ ਕੀਤਾ ਜਾਂਦਾ ਤਾਂ ਉਸ ਨੂੰ ਚਤੁਸੱਤਰ ਜਾਤੀ ਦਾ ਸਮਝਿਆ ਜਾਂਦਾ ਹੈ। ਇਸ ਲਈ ਹਿੰਦੁਸਤਾਨੀ ਚਾਰ ਤਾਲ ਲਿਖਣ ਲਈ ਉਸ ਦੇ 6 ਵਿਭਾਗ 2-2 ਮਾਤਰਾਵਾਂ ਦੇ ਨਾ ਰਹਿ ਕੇ '4-4-2-2' ਦੇ ਕੇਵਲ ਚਾਰ ਵਿਭਾਗ ਰਹਿਣਗੇ ਅਤੇ ਉਸ ਨੂੰ ਕਰਨਾਟਕੀ ਅੱਠ ਤਾਲ '1100' ਦੀ ਤਰ੍ਹਾਂ ਲਿਖਾਂਗੇ। ਇਸੇ ਪ੍ਰਕਾਰ ਧਮਾਰ ਦੇ ਵਿਭਾਗ 5-2-3-4 ਨਾ ਰਹਿ ਕੇ 5-5-4 ਹੋਣਗੇ, ਜੋ ਕਿ ◡1 ◡1 1 ਇਸ ਪ੍ਰਕਾਰ ਲਿਖੇ ਜਾਣਗੇ।

ਇਸ ਪ੍ਰਕਾਰ ਉਪਰੋਕਤ ਉਦਾਹਰਣਾਂ ਤੋਂ ਪਤਾ ਲੱਗਦਾ ਹੈ ਕਿ ਕਰਨਾਟਕੀ ਤਾਲ ਪੱਧਤੀ ਹਿੰਦੁਸਤਾਨੀ ਤਾਲ ਪੱਧਤੀ ਤੋਂ ਬਿਲਕੁਲ ਵੱਖਰੀ ਹੈ। ਉਹਨਾਂ ਦੇ ਤਾਲ ਸੀਮਤ ਹਨ, ਪਰ ਆਪਣੇ ਤਾਲਾਂ ਦੀ ਸੀਮਾ ਨਹੀਂ ਬੰਨ੍ਹੀ ਜਾ ਸਕਦੀ। ਕਰਨਾਟਕੀ ਪੱਧਤੀ ਵਿਚ ਇਹਨਾਂ 35 ਤਾਲਾਂ ਨੂੰ ਵਜਾਉਣ ਲਈ ਮ੍ਰਿਦੰਗ ਅਤੇ ਪਖਾਵਜ ਆਦਿਕ ਦਾ ਜ਼ਿਆਦਾ

ਪ੍ਰਯੋਗ ਹੁੰਦਾ ਹੈ, ਪਰ ਹਿੰਦੁਸਤਾਨੀ ਪੱਧਤੀ ਵਿਚ ਕੁਝ ਤਾਲ ਜਿਵੇਂ ਧ੍ਰੁਪਦ, ਧਮਾਰ ਆਦਿ ਛੱਡ ਕੇ ਬਾਕੀ ਸਭ ਤਾਲ ਤਬਲੇ 'ਤੇ ਵਜਾਏ ਜਾਂਦੇ ਹਨ। ਅੱਜ ਕੱਲ ਤਾਂ ਧ੍ਰੁਪਦ ਧਮਾਰ ਵੀ ਤਬਲੇ 'ਤੇ ਹੀ ਵਜਾਏ ਜਾਂਦੇ ਹਨ। ਕਰਨਾਟਕੀ ਤਾਲ ਪੱਧਤੀ ਲਈ ਹਮੇਸ਼ਾ ਇਹ ਗੱਲਾਂ ਯਾਦ ਰੱਖਣੀਆਂ ਚਾਹੀਦੀਆਂ ਹਨ।

ਕਰਨਾਟਕੀ ਤਾਲ ਪੱਧਤੀ ਦੇ ਨਿਯਮ

1. ਕਰਨਾਟਕੀ ਤਾਲ ਪੱਧਤੀ ਵਿਚ ਲਘੂ ਦੀ ਮਾਤਰਾ ਜਾਤੀ ਭੇਦ ਦੇ ਅਨੁਸਾਰ ਬਦਲਦੀ ਰਹਿੰਦੀ ਹੈ।
2. ਜਿਸ ਤਾਲ ਵਿਚ ਜਿਤਨੇ ਚਿੰਨ੍ਹ ਹੋਣਗੇ, ਉਸ ਵਿਚ ਉਤਨੀਆਂ ਹੀ ਤਾਲੀਆਂ ਅਤੇ ਵਿਭਾਗ ਹੋਣਗੇ।
3. ਕਰਨਾਟਕੀ ਪੱਧਤੀ ਵਿਚ ਖ਼ਾਲੀ ਨਹੀਂ ਹੁੰਦੀ।
4. ਸਾਰੀਆਂ ਤਾਲਾਂ ਸਮ ਤੋਂ ਸ਼ੁਰੂ ਹੁੰਦੀਆਂ ਹਨ।
5. ਕਰਨਾਟਕੀ ਪੱਧਤੀ ਵਿਚ ਮੁੱਖ 7 ਤਾਲਾਂ ਹੁੰਦੀਆਂ ਹਨ ਅਤੇ ਹਰ ਇਕ ਤਾਲ ਦੀਆਂ 5-5 ਜਾਤੀਆਂ ਹੁੰਦੀਆਂ ਹਨ, ਜਿਸ ਨਾਲ 35 ਪ੍ਰਕਾਰ ਦੇ ਤਾਲ ਉਤਪੰਨ ਹੁੰਦੇ ਹਨ।
6. ਪੰਜ ਜਾਤੀਆਂ ਦੇ 5-5 ਗਤੀ ਭੇਦ ਹੁੰਦੇ ਹਨ, ਜਿਸ ਨਾਲ ਕੁਲ 175 ਪ੍ਰਕਾਰ ਦੇ ਤਾਲ ਉਤਪੰਨ ਹੋ ਸਕਦੇ ਹਨ।

ਰਾਗ ਵਰਗੀਕਰਣ

ਰਾਗ ਦਾ ਅਰਥ ਉਹਨਾਂ ਸੁਰ ਸਮੂਹਾਂ ਤੋਂ ਹੈ, ਜੋ ਕਦੀ ਵੀ ਨਿਯੋਜਿਤ ਰੂਪ ਵਿਚ ਗਾਇਆ ਜਾਂਦਾ ਰਿਹਾ ਹੋਵੇ। ਅਧਿਐਨ ਅਤੇ ਵਿਵਹਾਰ ਦੀ ਸਰਲਤਾ ਦੇ ਲਈ ਇਹਨਾਂ ਨੂੰ ਕੁੱਛ ਹਿੱਸਿਆਂ ਵਿਚ ਵੰਡਿਆ ਗਿਆ ਹੈ। ਵਰਗੀਕਰਣ ਇਕ ਕੁਦਰਤੀ ਨਿਯਮ ਹੈ। ਪ੍ਰਕ੍ਰਿਤੀ ਵਿਚ ਜਗ੍ਹਾ ਜਗ੍ਹਾ 'ਤੇ ਵਰਗੀਕਰਣ ਮਿਲਦਾ ਹੈ।

ਅਨਾਦਿ ਕਾਲ ਤੋਂ ਅੱਜ ਤਕ ਪ੍ਰਕ੍ਰਿਤੀ ਵਿਚ ਦਰੱਖ਼ਤ, ਮਿੱਟੀ, ਪਹਾੜ, ਪੱਥਰ ਆਦਿਕ ਵਰਗ ਵੇਖਣ ਨੂੰ ਮਿਲਦੇ ਹਨ। ਆਪ ਮਨੁੱਖ ਵੀ ਇਸ ਤੋਂ ਖ਼ਾਲੀ ਨਹੀਂ ਰਿਹਾ। ਮਨੁੱਖ ਨੇ ਆਪਣੀਆਂ ਬਣਾਈਆਂ ਹੋਈਆਂ ਚੀਜ਼ਾਂ ਦਾ ਵਰਗੀਕਰਣ ਭਿੰਨ-ਭਿੰਨ ਨਾਵਾਂ ਵਿਚ ਕੀਤਾ।

ਅਧਿਐਨ ਲਈ ਸਰਲਤਾ, ਗਿਆਨ ਵਿਚ ਵਾਧਾ, ਵਿਸ਼ੇ-ਵਸਤੂ ਦੇ ਲਈ ਉਸ ਨੇ ਹਰ ਇਕ ਵਸਤੂ ਨੂੰ ਭਿੰਨ ਭਿੰਨ ਹਿੱਸਿਆਂ ਵਿਚ ਵੰਡਿਆ। ਇਹ ਪ੍ਰਕ੍ਰਿਆ ਕਿਸੀ ਇਕ ਵਿਸ਼ੇ, ਦੇਸ਼ ਜਾਂ ਸਮੇਂ ਤਕ ਹੀ ਸੀਮਤ ਨਾ ਰਹੀ। ਇਸੇ ਕਾਰਨ ਸੰਗੀਤ ਵਿਚ ਵੀ ਵਰਗੀਕਰਣ ਹੋਇਆ। ਰਾਗਾਂ ਦੇ ਵਰਗੀਕਰਣ ਦੀ ਪਰੰਪਰਾ ਅਤੀ ਪ੍ਰਾਚੀਨ ਕਾਲ ਤੋਂ ਅੱਜ ਤਕ ਚਲੀ ਆ ਰਹੀ ਹੈ। ਇਸ ਲਈ ਪ੍ਰਾਚੀਨ ਕਾਲ ਤੋਂ ਅੱਜ ਤਕ ਵਰਗੀਕਰਣ ਦੀਆਂ ਅਨੇਕਾਂ ਪੱਧਤੀਆਂ ਦਾ ਜਨਮ, ਵਿਕਾਸ ਅਤੇ ਪ੍ਰਚਾਰ ਹੋਇਆ।

ਸੰਗੀਤ ਦੇ ਇਤਿਹਾਸ ਵਿਚ ਮੁੱਖ ਵਰਗੀਕਰਣ ਦਾ ਕ੍ਰਮ ਇਸ ਪ੍ਰਕਾਰ ਹੈ: (1) ਜਾਤੀ ਵਰਗੀਕਰਣ, (2) ਗ੍ਰਾਮ ਰਾਗ ਵਰਗੀਕਰਣ, (3) ਦਸਵਿਧੀ ਰਾਗ ਵਰਗੀਕਰਣ, (4) ਸ਼ੁਧ ਛਾਇਆ ਰਾਗ, ਸੰਕੀਰਣ ਵਰਗੀਕਰਣ (5) ਮੇਲ ਵਰਗੀਕਰਣ, (6) ਰਾਗ-ਰਾਗਨੀ ਵਰਗੀਕਰਣ, (7) ਰਾਗਾਂਗ ਵਰਗੀਕਰਣ, (8) ਥਾਟ ਵਰਗੀਕਰਣ।

ਇਹਨਾਂ ਅੱਠ ਪ੍ਰਕਾਰਾਂ ਦੇ ਵਰਗੀਕਰਣ ਦਾ ਸਮਾਂ ਤਿੰਨ ਕਾਲ਼ ਮੰਨੇ ਗਏ ਹਨ, ਜੋ ਕਿ ਇਸ ਪ੍ਰਕਾਰ ਹਨ:

(1) ਪ੍ਰਾਚੀਨ ਕਾਲ, (2) ਮੱਧ ਕਾਲ, (3) ਆਧੁਨਿਕ ਕਾਲ।

1. ਪ੍ਰਾਚੀਨ ਕਾਲ

(1) ਜਾਤੀ ਵਰਗੀਕਰਣ

ਪ੍ਰਾਚੀਨ ਕਾਲ ਵਿਚ ਕੁਲ ਤਿੰਨ ਗ੍ਰਾਮ ਅਰਥਾਤ ਸ਼ੜਜ, ਮੱਧਮ ਅਤੇ ਗੰਧਾਰ ਗ੍ਰਾਮ ਮੰਨੇ ਜਾਂਦੇ ਸਨ। ਪਰ ਗੰਧਾਰ ਗ੍ਰਾਮ ਪ੍ਰਾਚੀਨ ਕਾਲ ਵਿਚ ਹੀ ਅਲੋਪ ਹੋ ਚੁੱਕਾ ਸੀ। *ਭਰਤ ਨਾਟਯ ਸ਼ਾਸਤਰ* ਵਿਚ ਇਹ ਵਰਣਨ ਹੈ ਕਿ ਬਾਕੀ ਦੇ ਦੋ ਗ੍ਰਾਮਾਂ ਵਿੱਚੋਂ ਅਠਾਰਾਂ ਜਾਤੀਆਂ ਉਤਪੰਨ ਹੋਈਆਂ, ਜੋ ਕਿ ਸ਼ੜਜ ਗ੍ਰਾਮ ਤੋਂ ਸੱਤ ਜਾਤੀਆਂ ਅਤੇ ਮੱਧਮ ਗ੍ਰਾਮ ਤੋਂ ਗਿਆਰਾਂ ਜਾਤੀਆਂ ਪ੍ਰਚਲਿਤ ਹੋਈਆਂ। ਇਹਨਾਂ ਜਾਤੀਆਂ ਨੂੰ ਸ਼ੁੱਧ ਅਤੇ ਵਿਕਰਤ ਜਾਤੀਆਂ ਵਿਚ ਵੰਡਿਆ ਗਿਆ।

ਚਾਰ ਜਾਤੀਆਂ ਸ਼ੜਜ ਗ੍ਰਾਮ ਦੀਆਂ ਅਤੇ ਤਿੰਨ ਜਾਤੀਆਂ ਮੱਧਮ ਗ੍ਰਾਮ ਦੀਆਂ ਸ਼ੁੱਧ ਰੂਪ ਵਿਚ ਅਤੇ ਤਿੰਨ ਸ਼ੜਜ ਗ੍ਰਾਮ ਦੀਆਂ ਅਤੇ ਅੱਠ ਮੱਧਮ ਗ੍ਰਾਮ ਦੀਆਂ ਵਿਕਰਤ ਰੂਪ ਵਿਚ, ਇਸ ਪ੍ਰਕਾਰ ਕੁਲ ਅਠਾਰਾਂ ਜਾਤੀਆਂ ਪ੍ਰਚਲਿਤ ਸਨ। ਸੱਤ ਸ਼ੁੱਧ ਜਾਤੀਆਂ ਦੇ ਨਾਮ ਇਸ ਪ੍ਰਕਾਰ ਹਨ:

ਸ਼ੜਜ ਗ੍ਰਾਮ ਦੀਆਂ ਸ਼ੁੱਧ ਜਾਤੀਆਂ—(1) ਸ਼ਾੜਜੀ, (2) ਆਰਸ਼ਭੀ, (3) ਧੈਵਤੀ, (4) ਨੈਸ਼ਾਦੀ ਜਾਂ ਨਿਸ਼ਾਦਵਦੀ।

ਮੱਧਮ ਗ੍ਰਾਮ ਦੀਆਂ ਸ਼ੁੱਧ ਜਾਤੀਆਂ—(1) ਗੰਧਾਰੀ, (2) ਮੱਧਮਾ, (3) ਪੰਚਮੀ।

ਇਹ ਸੱਤ ਜਾਤੀਆਂ ਸ਼ੁੱਧ ਸਨ, ਜਿਹਨਾਂ ਦੇ ਨਾਮ ਸੱਤ ਸੁਰਾਂ ਦੇ ਆਧਾਰ 'ਤੇ ਰੱਖੇ ਗਏ ਸਨ।

ਜਾਤੀ ਅਤੇ ਰਾਗ ਇਕ ਦੂਜੇ ਦੇ ਪ੍ਰਾਇਵਾਚੀ ਸ਼ਬਦ ਕਹੇ ਜਾ ਸਕਦੇ ਹਨ। ਜਿਸ ਪ੍ਰਕਾਰ ਅੱਜ ਕੱਲ ਰਾਗ ਗਾਇਨ ਪ੍ਰਚਲਿਤ ਹੈ, ਉਸੇ ਪ੍ਰਕਾਰ ਪ੍ਰਾਚੀਨ ਕਾਲ ਵਿਚ ਜਾਤੀ ਗਾਇਨ ਪ੍ਰਚਲਿਤ ਸੀ। ਸੁਰ ਤੇ ਵਰਣਾ ਦੀ ਉਹ ਸੁੰਦਰ ਰਚਨਾ ਜੋ ਕਿ ਮਨ ਨੂੰ ਮਿੱਠੀ ਲੱਗੇ, ਉਸ ਨੂੰ ਜਾਤੀ ਕਹਿੰਦੇ ਸਨ। ਰਾਗ ਦੀ ਵੀ ਇਹੋ ਹੀ ਪਰਿਭਾਸ਼ਾ ਹੈ।

ਆਚਾਰੀਆ ਕੈਲਾਸ਼ ਚੰਦ੍ਰ ਦੇਵ ਬ੍ਰਹਸਪਤੀ ਦੁਆਰਾ *ਭਰਤ ਦਾ ਸੰਗੀਤ ਸਿਧਾਂਤ* ਨਾਮਕ ਪੁਸਤਕ ਵਿਚ ਜਾਤੀ ਦੀ ਪਰਿਭਾਸ਼ਾ ਇਸ ਪ੍ਰਕਾਰ ਦਿੱਤੀ ਗਈ ਹੈ ਕਿ ਸੁਰਾਂ ਦੀ ਉਹ ਖ਼ਾਸ ਰਚਨਾ ਜਿਸ ਦੇ 10 ਲੱਛਣ—ਗ੍ਰਹਿ, ਅੰਸ਼, ਨਿਆਸ, ਅਪਨਿਆਸ, ਅਲਪਤੱਵ, ਬਹੁਤੱਵ, ਛਾੜਤੱਵ, ਔੜਤੱਵ, ਮੰਦਰ ਅਤੇ ਤਾਰ ਮੰਨੇ ਜਾਂਦੇ ਹੋਣ, ਉਹ ਜਾਤੀ ਕਹਿਲਾਂਦੀ ਹੈ।

ਭਰਤ ਕੋਸ਼ ਵਿਚ ਵੀ ਲਿਖਿਆ ਹੈ ਕਿ ਸ਼ਰੁਤੀ, ਗ੍ਰਹਿ, ਸੁਰ ਆਦਿਕ ਦੇ ਸਮੂਹ ਨਾਲ ਜਾਤੀ ਦੀ ਰਚਨਾ ਹੁੰਦੀ ਹੈ। ਸੋ ਪ੍ਰਾਚੀਨ ਕਾਲ ਵਿਚ ਜਾਤੀ ਦੇ ਦਸ ਲੱਛਣ ਮੰਨੇ ਜਾਂਦੇ ਸਨ। ਇਹਨਾਂ ਨੂੰ ਭਰਤ ਦੇ ਦਸ ਵਿਧੀ ਲਛਣਮ ਕਿਹਾ ਗਿਆ। ਗ੍ਰਾਮ ਤੋਂ ਮੂਰਛਨਾ, ਮੂਰਛਨਾ ਦੇ ਆਧਾਰ 'ਤੇ ਜਾਤੀ ਦੀ ਰਚਨਾ ਹੋਈ।

ਸਾਰੰਗ ਦੇਵ ਨੇ *ਸੰਗੀਤ ਰਤਨਾਕਰ* ਗ੍ਰੰਥ ਵਿਚ ਜਾਤੀ ਦੇ ਤੇਰਾਂ ਲੱਛਣ ਮੰਨੇ ਹਨ, ਜੋ ਕਿ ਸੰਨਿਆਸ, ਵਿਨਿਆਸ ਅਤੇ ਅੰਤਰ-ਮਾਰਗ ਹਨ। ਸੋ ਪਹਿਲੇ 10 ਲੱਛਣਾਂ ਨਾਲ ਇਹ ਤਿੰਨ ਲੱਛਣ ਜੋੜ ਦਿੱਤੇ ਹਨ। ਅਠਾਰਾਂ ਜਾਤੀਆਂ ਦੇ ਨਾਮ ਇਸ ਪ੍ਰਕਾਰ ਹਨ:

ਜਾਤੀਆਂ ਦੇ ਨਾਮ

ਲੜੀ ਨੰ:	*ਜਾਤੀ ਨਾਮ*	*ਲੜੀ ਨੰ:*	*ਜਾਤੀ ਨਾਮ*
1.	ਸ਼ਾੜਜੀ	10.	ਮਧਮੋਂ ਦੀ ਚਯਵਾ
2.	ਆਰਸ਼ਭੀ	11.	ਨੰਦਯਤੀ
3.	ਧੈਵਤੀ	12.	ਕਾਰਮਾਰਵੀ
4.	ਨੈਸ਼ਾਦੀ	13.	ਆਂਧਰੀ
5.	ਸ਼ੜਜੋਦੀਚਵਤੀ	14.	ਕੈਸ਼ਿਕੀ
6.	ਸ਼ੜਜ ਕੈਸ਼ਿਕੀ	15.	ਮੱਧਮਾ
7.	ਸ਼ੜਜ ਮੱਧਮਾ	16.	ਪੰਚਮੀ
8.	ਗੰਧਾਰੀ	17.	ਗੰਧਾਰੋ ਦੀ ਚਯਵਾ
9.	ਗੰਧਾਰ ਪੰਚਮੀ	18.	ਰਕਤ ਗੰਧਾਰੀ

ਇਹਨਾਂ ਜਾਤੀਆਂ ਵਿੱਚੋਂ ਸੱਤ ਜਾਤੀਆਂ ਦੇ ਨਾਮ ਸੱਤ ਸੁਰਾਂ 'ਤੇ ਹਨ।

ਵਿਕਰਤ ਜਾਤੀਆਂ ਦੀ ਉਤਪਤੀ

ਅਠਾਰਾਂ ਜਾਤੀਆਂ ਮੁੱਖ ਰੂਪ ਨਾਲ ਦੋ ਹਿੱਸਿਆਂ ਵਿਚ ਵੰਡੀਆਂ ਹੋਈਆਂ ਹਨ:

1. ਸ਼ੁੱਧ।
2. ਵਿਕਰਤ।

ਸ਼ੁੱਧ ਜਾਤੀਆਂ ਉਹ ਹਨ, ਜਿਨ੍ਹਾਂ ਵਿਚ ਸੱਤ ਸੁਰ ਪ੍ਰਯੋਗ ਕੀਤੇ ਜਾਂਦੇ ਸਨ ਅਤੇ ਜਾਤੀ ਦਾ ਨਾਮ ਵੀ ਸੁਰਾਂ ਦੇ ਨਾਮ 'ਤੇ ਹੀ ਰੱਖਿਆ ਗਿਆ ਸੀ ਅਤੇ ਇਹਨਾਂ ਵਿਚ ਗ੍ਰਹਿ, ਅੰਸ਼ ਅਤੇ ਨਿਆਸ ਵੀ ਜ਼ਰੂਰੀ ਹੁੰਦੇ ਸਨ। ਇਸ ਪ੍ਰਕਾਰ ਸਪੱਸ਼ਟ ਹੈ ਕਿ ਸ਼ਾੜਜੀ, ਆਰਸ਼ਭੀ, ਗੰਧਾਰੀ, ਮੱਧਮਾ, ਪੰਚਮੀ, ਧੈਵਤੀ ਅਤੇ ਨਿਸ਼ਾਦੀ ਸੱਤ ਸੁਰ ਜਾਤੀਆਂ ਸ਼ੁੱਧ ਸਨ। ਸ਼ੁੱਧ ਜਾਤੀਆਂ ਦੇ ਲੱਛਣਾਂ ਵਿਚ ਪਰਿਵਰਤਨ ਕਰਨ ਨਾਲ ਅਤੇ ਦੋ ਜਾਂ ਦੋ ਤੋਂ ਜ਼ਿਆਦਾ ਜਾਤੀਆਂ ਨੂੰ ਇਕ ਵਿਚ ਮਿਲਾ ਦੇਣ ਨਾਲ ਵਿਕਰਤ ਜਾਤੀ ਦੀ ਰਚਨਾ ਹੁੰਦੀ ਸੀ। ਜਾਤੀ ਲੱਛਣਾਂ ਵਿਚ ਚਾਰ ਪ੍ਰਕਾਰ ਦਾ ਅੰਤਰ ਕੀਤਾ ਜਾਂਦਾ ਸੀ:

1. ਨਿਆਸ ਅਤੇ ਅੰਸ਼ ਸੁਰ ਵੱਖਰਾ ਕਰਨ ਨਾਲ।
2. ਅਪਨਿਆਸ ਸੁਰ ਵੱਖਰਾ ਕਰਨ ਨਾਲ।
3. ਗ੍ਰਹਿ ਸੁਰ ਬਦਲਣ ਨਾਲ।
4. ਇਕ ਜਾਂ ਦੋ ਸੁਰ ਵਰਜਿਤ ਕਰਕੇ ਜਾਤੀ ਨੂੰ ਛਾੜਵ ਜਾਂ ਔੜਵ ਰੂਪ ਪ੍ਰਦਾਨ ਕਰਨ ਨਾਲ।

ਇਹਨਾਂ ਪਰਿਵਰਤਨਾਂ ਨਾਲ ਹਰ ਇਕ ਜਾਤੀ ਦੇ 23 ਪ੍ਰਕਾਰ ਬਣ ਸਕਦੇ ਹਨ। ਉਪਰੋਕਤ ਦਿੱਤੇ ਗਏ ਚਾਰੇ ਲੱਛਣਾਂ ਵਿੱਚੋਂ ਹਰ ਇਕ ਨੂੰ ਵਾਰੋ-ਵਾਰੀ ਮੰਨਣ ਨਾਲ ਚਾਰ ਵਿਕਰਤ ਜਾਤੀਆਂ; ਦੋ-ਦੋ ਲੱਛਣ ਇਕੱਠੇ ਮੰਨਣ ਨਾਲ ਛੇ ਜਾਤੀਆਂ, ਤਿੰਨ-ਤਿੰਨ ਲੱਛਣ ਇਕੱਠੇ ਮੰਨਣ ਨਾਲ ਚਾਰ ਜਾਤੀਆਂ ਅਤੇ ਚਾਰੇ ਲੱਛਣਾਂ ਨੂੰ ਇਕੱਠੇ ਮੰਨਣ ਨਾਲ ਇਕ ਵਿਕਰਤ ਜਾਤੀ ਦੀ ਰਚਨਾ ਹੋ ਸਕਦੀ ਹੈ, ਜੋ ਕਿ ਇਸ ਪ੍ਰਕਾਰ 4 + 6 + 4 + 1 = 15 ਜਾਤੀਆਂ ਬਣੀਆਂ।

ਇਹਨਾਂ 15 ਜਾਤੀਆਂ ਵਿੱਚੋਂ ਅੱਠ ਜਾਤੀਆਂ ਸੰਪੂਰਨ ਨਹੀਂ ਹਨ। ਮੰਨ ਲਵੋ ਇਹ ਛਾੜਵ ਹਨ ਤਾਂ ਅੱਠ ਜਾਤੀਆਂ ਔੜਵ ਹੋਣਗੀਆਂ। ਇਸ ਲਈ 15 + 8 = 23 ਵਿਕਰਤ ਜਾਤੀਆਂ ਦੀ ਰਚਨਾ ਹੋਵੇਗੀ।

ਹੁਣ ਸੱਤ ਜਾਤੀਆਂ ਸ਼ੁੱਧ ਹਨ ਅਤੇ ਗਿਆਰਾਂ ਵਿਕਰਤ। ਇਹਨਾਂ ਵਿਕਰੰਤ ਜਾਤੀਆਂ ਦੀ ਰਚਨਾ ਦੋ ਤੋਂ ਜ਼ਿਆਦਾ ਸ਼ੁੱਧ ਜਾਤੀਆਂ ਦੇ ਮੇਲ ਨਾਲ ਹੋਈ ਹੈ। ਜਿਵੇਂ:

ਲੜੀ ਨੰ:	*ਜਾਤੀਆਂ ਦਾ ਨਾਮ*	*ਮੇਲ ਹੋਇਆ*
1.	ਸ਼ੜਜ ਕੈਸ਼ਿਕੀ	= ਸ਼ਾੜਜੀ + ਗੰਧਾਰੀ
2.	ਸ਼ੜਜ ਮੱਧਮਾ	= ਸ਼ਾੜਜੀ + ਮੱਧਮਾ
3.	ਅਾਂਧਰੀ	= ਗੰਧਾਰੀ + ਆਰਸ਼ਭੀ
4.	ਗੰਧਾਰ ਪੰਚਮੀ	= ਗੰਧਾਰੀ + ਪੰਚਮੀ
5.	ਸ਼ਾੜਜੀ ਚਾਯਵੰਤੀ	= ਸ਼ਾੜਜੀ + ਗੰਧਾਰੀ + ਧੈਵਤੀ
6.	ਕਾਰਮਾਰਣੀ	= ਆਰਸ਼ਭੀ + ਪੰਚਮੀ + ਨੈਸ਼ਾਦੀ

ਲੜੀ ਨੰ:	ਜਾਤੀਆਂ ਦਾ ਨਾਮ	ਮੇਲ ਹੋਇਆ
7.	ਨੰਦਯਤੀ	=ਆਰਸ਼ਭੀ+ਗੰਧਾਰੀ+ਪੰਚਮੀ
8.	ਗੰਧਾਰੋ ਦੀ ਚਯਵਾ	=ਗੰਧਾਰੀ +ਧੈਵਤੀ +ਸ਼ਾੜਜੀ+ਮੱਧਮਾ
9.	ਮਧਮੋ ਦੀ ਚਯਵਾ	=ਮੱਧਮਾ +ਪੰਚਮੀ +ਗੰਧਾਰੀ+ਧੈਵਤੀ
10.	ਰਕਤ ਗੰਧਾਰੀ	=ਗੰਧਾਰੀ +ਮੱਧਮਾ +ਪੰਚਮੀ +ਨੈਸ਼ਾਦੀ
11.	ਕੈਸ਼ਿਕੀ	=ਸ਼ਾੜਜੀ +ਗੰਧਾਰੀ+ਮੱਧਮ +ਪੰਚਮੀ +ਧੈਵਤੀ+ਨਿਸ਼ਾਦੀ

ਇਸ ਪ੍ਰਕਾਰ ਸੱਤ ਸ਼ੁੱਧ ਅਤੇ ਗਿਆਰਾਂ ਵਿਕਰਤ ਜਾਤੀਆਂ ਕੁਲ ਮਿਲਾ ਕੇ ਅਠਾਰਾਂ ਬਣੀਆਂ। ਇਹਨਾਂ ਵਿੱਚੋਂ ਸੱਤ ਜਾਤੀਆਂ ਸ਼ੜਜ ਗ੍ਰਾਮ ਤੋਂ ਅਤੇ ਗਿਆਰਾਂ ਜਾਤੀਆਂ ਮੱਧਮ ਗ੍ਰਾਮ ਤੋਂ ਉਤਪੰਨ ਮੰਨੀਆਂ ਗਈਆਂ ਹਨ।

ਸ਼ੜਜ ਗ੍ਰਾਮ ਦੀਆਂ ਜਾਤੀਆਂ

ਇਹ ਚਾਰ ਜਾਤੀਆਂ ਸ਼ੁੱਧ ਹਨ—(1) ਸ਼ਾੜਜੀ, (2) ਆਰਸ਼ਭੀ, (3) ਧੈਵਤੀ, (4) ਨੈਸ਼ਾਦੀ।

ਇਹ ਤਿੰਨ ਵਿਕਰਤ ਜਾਤੀਆਂ ਹਨ—(1) ਸ਼ੜਜ ਕੈਸ਼ਿਕੀ, (2) ਸ਼ੜਜ ਮੱਧਮਾ, (3) ਸ਼ੜਜੋ ਦੀ ਚਯਮਵਤੀ।

ਮੱਧਮ ਗ੍ਰਾਮ ਦੀਆਂ ਜਾਤੀਆਂ

ਇਹ ਤਿੰਨ ਜਾਤੀਆਂ ਸ਼ੁੱਧ ਹਨ—(1) ਗੰਧਾਰੀ, (2) ਮੱਧਮਾ, (3) ਪੰਚਮੀ।

ਇਹ ਅੱਠ ਜਾਤੀਆਂ ਵਿਕਰਤ ਹਨ—(1) ਗੰਧਾਰੋ ਦੀ ਚਯਵਾ, (2) ਰਕਤ ਗੰਧਾਰੀ, (3) ਕੈਸ਼ਿਕੀ, (4) ਮਧਮੋ ਦੀ ਚਯਵਾ, (5) ਕਾਰਮਾਰਵੀ, (6) ਗੰਧਾਰ ਪੰਚਮੀ, (7) ਆਂਧਰੀ, (8) ਨੰਦਯਤੀ।

ਇਹਨਾਂ ਅਠਾਰਾਂ ਜਾਤੀਆਂ ਵਿੱਚੋਂ ਸੱਤ ਸੁਰ, ਚਾਰ ਜਾਤੀਆਂ ਵਿਚ 6 ਸੁਰ ਅਤੇ ਦਸ ਜਾਤੀਆਂ ਵਿਚ 5-5 ਸੁਰ ਹੁੰਦੇ ਹਨ। (1) ਮੱਧਮੋ ਦੀ ਚਯਵਾ, (2) ਸ਼ੜਜ ਕੈਸ਼ਿਕੀ, (3) ਕਾਰਮਾਰਵੀ, (4) ਗੰਧਾਰ ਪੰਚਮੀ ਵਿਚ ਸੱਤ ਸੱਤ ਸੁਰ ਹੁੰਦੇ ਹਨ। (1) ਸ਼ਾੜਜੀ, (2) ਆਂਧਰੀ, (3) ਗੰਧਾਰੋ ਦੀ ਚਯਵਾ, (4) ਨੰਦਯਤੀ ਵਿਚ ਛੇ-ਛੇ ਸੁਰ ਹੁੰਦੇ ਹਨ ਅਤੇ ਬਾਕੀ ਦਸ ਜਾਤੀਆਂ ਵਿਚ ਪੰਜ-ਪੰਜ ਸੁਰ ਹੁੰਦੇ ਹਨ। ਕਦੀ ਕਦੀ ਔੜਵ ਜਾਤੀਆਂ ਵਿਚ ਪੰਜ-ਪੰਜ ਸੁਰ ਹੁੰਦੇ ਹਨ। ਕਦੀ ਕਦੀ ਔੜਵ ਜਾਤੀਆਂ ਛਾੜਵ ਅਤੇ ਛਾੜਵ ਜਾਤੀਆਂ ਔੜਵ ਹੁੰਦੀਆਂ ਹਨ।

ਅਠਾਰਾਂ ਜਾਤੀਆਂ ਦਾ ਵੇਰਵਾ

1. **ਸ਼ਾੜਜੀ**—ਇਹ ਸੱਤ ਸ਼ੁੱਧ ਜਾਤੀਆਂ ਵਿੱਚੋਂ ਇਕ ਹੈ। ਇਸ ਵਿਚ ਰਿਸ਼ਭ ਅਤੇ ਨਿਸ਼ਾਦ ਤੋਂ ਇਲਾਵਾ ਪੰਜੇ ਸੁਰ ਅੰਸ਼ ਸੁਰ ਅਤੇ ਗੰਧਾਰ ਅਤੇ ਪੰਚਮ ਸੁਰ ਅਪਨਿਆਸ ਸੁਰ ਮੰਨੇ ਜਾਂਦੇ ਸਨ। ਇਸ ਵਿਚ ਪੰਜਪਾਣਿ ਤਾਲ ਪ੍ਰਯੋਗ ਕੀਤਾ ਜਾਂਦਾ ਸੀ। ਇਸ ਜਾਤੀ ਦਾ ਪ੍ਰਯੋਗ ਨਾਟਕ ਦੇ ਪਹਿਲੇ ਦ੍ਰਿਸ਼ ਵਿਚ ਕੀਤਾ ਜਾਂਦਾ ਸੀ। 'ਸਾ-ਗ' ਅਤੇ 'ਸਾ-ਧ' ਦੀ ਸੰਗਤ ਇਸ ਜਾਤੀ ਵਿਚ ਵਿਖਾਈ ਜਾਂਦੀ ਸੀ।
2. **ਆਰਸ਼ਭੀ**—ਇਹ ਸ਼ੜਜ ਗ੍ਰਾਮ ਤੋਂ ਉਤਪੰਨ ਮੰਨੀ ਗਈ ਸ਼ੁੱਧ ਜਾਤੀ ਸੀ। ਇਸ

ਵਿਚ ਰਿਸ਼ਭ, ਧੈਵਤ ਅਤੇ ਨਿਸ਼ਾਦ ਸੁਰ ਅੰਸ਼ ਅਤੇ ਅਪਨਿਆਸ ਦੋਨੋਂ ਰੂਪ ਸਨ। ਰਿਸ਼ਭ ਨਿਆਸ ਸੁਰ ਵੀ ਸੀ, ਪੰਚਮ ਸੁਰ ਅਲਪ ਸੀ। 'ਗ-ਨੀ' ਦੀ ਸੰਗਤ ਵਿਖਾਈ ਜਾਂਦੀ ਸੀ। ਇਸ ਵਿਚ 'ਚਚੱਤਪੁਟ ਤਾਲ' ਦਾ ਪ੍ਰਯੋਗ ਕੀਤਾ ਜਾਂਦਾ ਸੀ।

3. **ਗੰਧਾਰੀ**—ਇਹ ਜਾਤੀ ਮੱਧਮ ਗ੍ਰਾਮ ਤੋਂ ਉਤਪੰਨ ਮੰਨੀ ਜਾਂਦੀ ਸੀ। ਇਸ ਵਿਚ 'ਸਾ, ਗ, ਮ, ਪ, ਨੀ' ਸੁਰ ਅੰਸ਼ ਮੰਨੇ ਜਾਂਦੇ ਸਨ। ਗੰਧਾਰ ਨਿਆਸ ਸੁਰ ਸੀ। ਸ਼ੜਜ ਅਤੇ ਪੰਚਮ ਅਪਨਿਆਸ ਸੁਰ ਮੰਨੇ ਜਾਂਦੇ ਹਨ। 'ਰੇ-ਧ' ਦੀ ਸੰਗਤ ਵਿਖਾਈ ਜਾਂਦੀ ਸੀ। ਇਸ ਦਾ ਤਾਲ ਚਚੱਤਪੁਟ ਸੀ। ਇਸ ਦਾ ਪ੍ਰਯੋਗ ਨਾਟਕ ਦੇ ਤੀਸਰੇ ਦ੍ਰਿਸ਼ ਵਿਚ ਹੁੰਦਾ ਸੀ।
4. **ਮੱਧਮਾ**—ਇਹ ਮੱਧਮਾ ਗ੍ਰਾਮ ਤੋਂ ਉਤਪੰਨ ਮੰਨੀ ਗਈ। ਇਸ ਜਾਤੀ ਵਿਚ 'ਸਾ ਰੇ ਮ ਪ ਧ' ਸੁਰ ਅੰਸ਼ ਅਤੇ ਅਪਨਿਆਸ ਸੁਰ ਸਨ। ਮੱਧਮ ਉੱਤੇ ਨਿਆਸ ਕੀਤਾ ਜਾਂਦਾ ਸੀ। ਸ਼ੜਜ ਅਤੇ ਮੱਧਮ ਦਾ ਬਹੁਤਵ ਅਤੇ ਗੰਧਾਰ ਅਤੇ ਨਿਸ਼ਾਦ ਦਾ ਅਲਪਤਵ ਸੀ। ਇਸ ਦਾ ਤਾਲ ਚਚੱਤਪੁਟ ਸੀ।
5. **ਪੰਚਮੀ**—ਇਹ ਮੱਧਮ ਗ੍ਰਾਮ ਤੋਂ ਉਤਪੰਨ ਮੰਨੀ ਗਈ ਪੰਚਮ ਜਾਤੀ ਸ਼ੁੱਧ ਜਾਤੀ ਸੀ। ਇਸ ਵਿਚ ਰਿਸ਼ਭ, ਪੰਚਮ ਅਤੇ ਨਿਸ਼ਾਦ ਅਪਨਿਆਸ ਸੁਰ ਅਤੇ ਰਿਸ਼ਭ ਅਤੇ ਪੰਚਮ ਅੰਸ਼ ਸੁਰ ਸਨ। 'ਸਾ ਗ ਪ' ਸੁਰ ਦੁਰਬਲ ਸਨ। 'ਰੇ-ਮ', 'ਗ-ਨੀ' ਦੀ ਸੰਗਤ ਦਿਖਾਈ ਜਾਂਦੀ ਸੀ।
6. **ਧੈਵਤੀ**—ਇਹ ਸ਼ੜਜ ਗ੍ਰਾਮ ਤੋਂ ਉਤਪੰਨ ਇਕ ਜਾਤੀ ਹੈ। ਇਸ ਵਿਚ ਧੈਵਤ ਨਿਆਸ ਸੁਰ ਸੀ। ਰਿਸ਼ਭ ਧੈਵਤ ਅੰਸ਼ ਸੁਰ ਸਨ ਅਤੇ ਅਪਨਿਆਸ ਵਿਚ ਰਿਸ਼ਭ, ਮੱਧਮ ਅਤੇ ਧੈਵਤ ਸਨ। ਇਸ ਦਾ ਤਾਲ 'ਚਚੱਤਪੁਟ' ਸੀ। ਆਰੋਹ ਵਿਚ ਸ਼ੜਜ ਅਤੇ ਪੰਚਮ ਦਾ ਲੰਘਨ ਕੀਤਾ ਜਾਂਦਾ ਸੀ।
7. **ਨੈਸ਼ਾਦੀ**—ਇਸ ਨੂੰ ਸ਼ੜਜ ਗ੍ਰਾਮ ਤੋਂ ਉਤਪੰਨ ਮੰਨਿਆ ਗਿਆ ਸੀ। ਇਸ ਵਿਚ 'ਰੇ, ਗ, ਨੀ' ਅੰਸ਼ ਅਤੇ ਅਪਨਿਆਸ ਸੁਰ ਸਨ। 'ਨੀ' ਸੁਰ 'ਤੇ ਨਿਆਸ ਕੀਤਾ ਜਾਂਦਾ ਸੀ।
8. **ਸ਼ੜਜ ਕੈਸ਼ਿਕੀ**—ਇਸ ਵਿਚ 'ਸਾ, ਗ, ਪ' ਅੰਸ਼ ਅਤੇ ਗ੍ਰਹਿ ਸੁਰ ਸਨ। 'ਗ' ਨਿਆਸ ਸੁਰ ਸੀ। ਛਾੜਵ ਜਾਂ ਔੜਵ ਅਵਸਥਾ ਇਸ ਦੀ ਨਹੀਂ ਹੁੰਦੀ। 'ਰੇ-ਧ' ਸੁਰ ਅਲਪ ਸਨ ਅਤੇ ਤਾਲ ਚਚੱਤਪੁਟ ਸੀ।
9. **ਸ਼ੜਜੋਦੀ ਚਯਵਤੀ**—ਇਹ ਸ਼ੜਜ ਗ੍ਰਾਮ ਦੀ ਵਿਕਰਤ ਜਾਤੀ ਸੀ। ਇਸ ਵਿਚ 'ਸਾ, ਮ, ਧ, ਨੀ' ਅੰਸ਼ ਅਤੇ ਗ੍ਰਹਿ ਸੁਰ ਸਨ। ਨਿਆਸ ਸੁਰ ਮੱਧਮ ਸੀ ਅਤੇ 'ਸਾ-ਧ' ਅਪਨਿਆਸ ਸੁਰ ਸਨ।
10. **ਸ਼ੜਜ-ਮੱਧਮਾ**—ਇਹ ਸ਼ੜਜ ਗ੍ਰਾਮ ਦੀ ਵਿਕਰਤ ਜਾਤੀ ਸੀ। ਇਸ ਵਿਚ ਪ੍ਰਯੋਗ ਹੋਣ ਵਾਲੇ ਸਾਰੇ ਸੁਰ ਅੰਸ਼ ਅਤੇ ਅਪਨਿਆਸ ਸੁਰ ਸਨ। ਇਸ ਵਿਚ 'ਨੀ' ਵਰਜਿਤ ਕਰਨ ਨਾਲ ਛਾੜਵ ਅਤੇ 'ਗ-ਨੀ' ਸੁਰ ਵਰਜਿਤ ਕਰਨ ਨਾਲ ਔੜਵ ਜਾਤੀ ਬਣਦੀ ਸੀ।
11. **ਗੰਧਾਰੋਦੀਚਵਤੀ**—ਇਹ ਮੱਧਮ ਗ੍ਰਾਮ ਦੀ ਵਿਕਰਤ ਜਾਤੀ ਸੀ। ਇਸ ਵਿਚ 'ਸਾ-ਮ' ਸੁਰ ਅੰਸ਼ ਸੁਰ ਹੁੰਦੇ ਹਨ।
12. **ਰਕਤ ਗੰਧਾਰੀ**—ਇਸ ਵਿਚ ਧੈਵਤ ਅਤੇ ਨਿਸ਼ਾਦ ਸੁਰ ਬਹੁਤਵ ਸਨ। 'ਸਾ-ਗ' ਦੀ ਸੰਗਤ ਇਸ ਵਿਚ ਵਿਖਾਈ ਜਾਂਦੀ ਸੀ। ਮੱਧਮ ਸੁਰ ਅਪਨਿਆਸ ਸੁਰ ਸਨ।

13. **ਕੈਸ਼ਿਕੀ**—ਇਹ ਮੱਧਮ ਗ੍ਰਾਮ ਦੀ ਵਿਕਰਤ ਜਾਤੀ ਸੀ। ਇਸ ਵਿਚ ਰਿਸ਼ਭ ਤੋਂ ਇਲਾਵਾ ਸਾਰੇ ਸੁਰ ਅੰਸ਼ ਅਤੇ ਅਪਨਿਆਸ ਸੁਰ ਮੰਨੇ ਜਾਂਦੇ ਸਨ। ਗੰਧਾਰ ਅਤੇ ਨਿਸ਼ਾਦ ਸੁਰ ਸਨ। ਰਿਸ਼ਭ ਸੁਰ ਦੁਰਬਲ ਸੀ।
14. **ਮਧਮੋਦੀਚਯਵਾ**—ਇਹ ਇਕ ਵਿਕਰਤ ਜਾਤੀ ਸੀ। ਇਸ ਵਿਚ ਅੰਸ਼ ਸੁਰ ਪੰਚਮ ਸੀ। ਤਾਲ ਚਚੱਤਪੁਟ ਸੀ।
15. **ਕਾਰਮਾਰਵੀ**—ਇਸ ਵਿਚ ਰਿਸ਼ਭ, ਪੰਚਮ, ਧੈਵਤ, ਨਿਸ਼ਾਦ ਅੰਸ਼ ਅਤੇ ਅਪਨਿਆਸ ਸੁਰ ਸਨ। ਗੰਧਾਰ ਸੁਰ ਦਾ ਬਹੁਤਵ ਸੀ ਅਤੇ ਤਾਲ ਚਚੱਤਪੁਟ ਸੀ।
16. **ਗੰਧਾਰ ਪੰਚਮੀ**—ਇਸ ਵਿਚ ਪੰਚਮ ਅੰਸ਼ ਸੁਰ ਅਤੇ ਪੰਚਮ ਅਤੇ ਰਿਸ਼ਭ ਅਪਨਿਆਸ ਸੁਰ ਸਨ। ਇਸ ਵਿਚ ਗੰਧਾਰ ਅਤੇ ਪੰਚਮੀ ਦੇ ਸਮਾਨ ਸੁਰਾਂ ਦਾ ਪ੍ਰਯੋਗ ਨਾਲ ਨਾਲ ਹੁੰਦਾ ਸੀ।
17. **ਆਂਧਰੀ**—ਇਸ ਵਿਚ ਰਿਸ਼ਭ, ਗੰਧਾਰ, ਪੰਚਮ, ਨਿਸ਼ਾਦ ਸੁਰ ਅੰਸ਼ ਅਤੇ ਅਪਨਿਆਸ ਸੁਰ ਸਨ। ਨਿਆਸ ਸੁਰ ਗੰਧਾਰ ਸੀ। 'ਰੇ-ਗ' ਅਤੇ 'ਧ-ਨੀ' ਦੀ ਸੰਗਤ ਵਿਖਾਈ ਜਾਂਦੀ ਸੀ।
18. **ਨੰਦਯਤੀ**—ਇਸ ਵਿਚ ਪੰਚਮ ਸੁਰ ਹਮੇਸ਼ਾ ਅੰਸ਼ ਹੁੰਦਾ ਸੀ। ਨਿਆਸ ਸੁਰ ਮੱਧਮ ਅਤੇ ਪੰਚਮ ਸਨ।

(2) ਗ੍ਰਾਮ ਵਰਗੀਕਰਣ

ਜਾਤੀ ਵਰਗੀਕਰਣ ਦੇ ਬਾਅਦ ਗ੍ਰਾਮ ਰਾਗ ਵਰਗੀਕਰਣ ਦਾ ਜਨਮ ਹੋਇਆ। ਸਭ ਤੋਂ ਪਹਿਲਾਂ ਮਤੰਗ ਮੁਨੀ ਰਾਹੀਂ ਲਿਖਤ *ਵ੍ਰਿਹਦਦੇਸ਼ੀ* ਵਿਚ ਗ੍ਰਾਮ ਰਾਗ ਸ਼ਬਦ ਪ੍ਰਯੋਗ ਕੀਤਾ ਗਿਆ। ਗ੍ਰਾਮ ਰਾਗ ਵੀ ਜਾਤੀ ਅਤੇ ਰਾਗ ਦੇ ਸਮਾਨ ਸੁੰਦਰ ਅਤੇ ਗਾਉਣ ਵਾਲੀਆਂ ਰਚਨਾਵਾਂ ਹੁੰਦੀਆਂ ਸਨ। ਪ੍ਰਾਚੀਨ ਗ੍ਰੰਥਾਂ ਵਿਚ 30 ਰਾਗ ਮਿਲਦੇ ਹਨ, ਕਿਉਂਕਿ ਇਹਨਾਂ ਦੀ ਉਤਪਤੀ ਜਾਤੀਆਂ ਤੋਂ ਹੋਈ। ਇਸ ਅਠਾਰਾਂ ਜਾਤੀਆਂ ਤੋਂ ਕੁਲ 30 ਗ੍ਰਾਮ ਰਾਗ ਉਤਪੰਨ ਮੰਨੇ ਗਏ। ਜਿਵੇਂ ਦੱਸਿਆ ਗਿਆ ਹੈ ਕਿ ਸ਼ੜਜ ਗ੍ਰਾਮ ਅਤੇ ਮੱਧਮ ਗ੍ਰਾਮ ਤੋਂ ਮੂਰਛਨਾ ਉਤਪੰਨ ਹੋਈਆਂ ਅਤੇ ਮੂਰਛਨਾ ਤੋਂ ਜਾਤੀਆਂ ਅਤੇ ਜਾਤੀਆਂ ਤੋਂ ਗ੍ਰਾਮ ਰਾਗ ਉਤਪੰਨ ਮੰਨੇ ਗਏ। ਗ੍ਰਾਮ ਰਾਗਾਂ ਦੇ ਪੰਜ ਪ੍ਰਕਾਰ ਹਨ, ਜੋ ਕਿ—(1) ਸ਼ੁਧਾ, (2) ਭਿੰਨਾ, (3) ਗੌੜੀ, (4) ਵੇਸਰਾ, (5) ਸਾਧਾਰਣੀ ਹਨ। ਇਹਨਾਂ ਦੀ ਆਪਣੀ ਆਪਣੀ ਵੱਖਰੀ ਵੱਖਰੀ ਸ਼ੈਲੀ ਹੈ, ਜਿਹਨਾਂ ਨੂੰ 'ਗੀਤੀ' ਕਹਿੰਦੇ ਹਨ। ਪੰਜ ਗੀਤੀਆਂ ਦੇ ਆਧਾਰ 'ਤੇ ਹੀ ਗ੍ਰਾਮ ਰਾਗਾਂ ਦੇ ਪੰਜ ਪ੍ਰਕਾਰ ਮੰਨੇ ਗਏ ਹਨ, ਜੋ ਕਿ ਇਸ ਪ੍ਰਕਾਰ ਹਨ :

1. **ਸ਼ੁੱਧ ਗੀਤੀ**—ਇਸ ਗੀਤੀ ਵਿਚ ਵਕਰਤਾ ਰਹਿਤ ਅਤੇ ਮਧੁਰ ਸੁਰ ਪ੍ਰਯੋਗ ਕੀਤੇ ਜਾਂਦੇ ਹਨ।
2. **ਭਿੰਨਾ ਗੀਤੀ**—ਇਸ ਵਿਚ ਸੁਰ ਵਕਰ, ਮਧੁਰ ਅਤੇ ਗਮਕ ਸਹਿਤ ਹੁੰਦੇ ਹਨ।
3. **ਗੌੜੀ ਗੀਤੀ**—ਇਸ ਵਿਚ ਤਿੰਨਾਂ ਸਥਾਨਾਂ ਵਿਚ ਠੁੱਡੀ ਨੂੰ ਵਕਸ਼ ਸਥਲ 'ਤੇ ਰੱਖ ਕੇ ਗਮਕ ਸਹਿਤ ਸੁਰਾਂ ਦਾ ਪ੍ਰਯੋਗ ਹੁੰਦਾ ਸੀ। ਇਸ ਕਿਰਿਆ ਨੂੰ 'ਔਹਾਟੀ ਲਲਿਤ' ਕਹਿੰਦੇ ਸਨ, ਜਿਸ ਦਾ ਪ੍ਰਯੋਗ ਖ਼ਾਸ ਕਰਕੇ ਮੰਦਰ ਸਪਤਕ ਵਿਚ ਹੁੰਦਾ ਸੀ।
4. **ਵੇਸਰਾ ਗੀਤੀ**—ਇਸ ਵਿਚ ਸੁਰਾਂ ਦਾ ਪ੍ਰਯੋਗ ਵੇਗ ਨਾਲ ਭਾਵ ਸਹਿਤ ਹੁੰਦਾ ਸੀ।

5. **ਸਾਧਾਰਣ ਗੀਤੀ**—ਜਿਸ ਵਿਚ ਸ਼ੁੱਧਾਂ, ਭਿੰਨਾਂ, ਗੌੜੀ, ਵੇਸਰਾ ਇਹਨਾਂ ਚਾਰੋਂ ਗੀਤੀਆਂ ਦੀਆਂ ਵਿਸ਼ੇਸ਼ਤਾਵਾਂ ਹੋਣ, ਉਹ ਸਾਧਾਰਣ ਗੀਤੀ ਕਹਿਲਾਉਂਦੇ ਹਨ।

ਇਹਨਾਂ ਪੰਜ ਗੀਤੀਆਂ ਦਾ ਵਰਣਨ ਸਾਰੰਗ ਦੇਵ ਕ੍ਰਿਤ *ਸੰਗੀਤ ਰਤਨਾਕਰ* ਵਿਚ ਵੀ ਪ੍ਰਾਪਤ ਹੁੰਦਾ ਹੈ। ਮਤੰਗ ਨੇ ਪੰਜ ਦੀ ਜਗ੍ਹਾ ਸੱਤ ਗੀਤੀਆਂ ਮੰਨੀਆਂ ਹਨ। ਭਾਸ਼ਾ ਅਤੇ ਵਿਭਾਸ਼ਾ ਇਹ ਦੋ ਗੀਤੀਆਂ ਨਾਲ ਜੋੜ ਦਿੱਤੀਆਂ ਹਨ। ਇਹਨਾਂ ਗੀਤੀਆਂ ਦੇ ਅਨੁਸਾਰ ਹੀ ਗ੍ਰਾਮ ਰਾਗਾਂ ਦੀ ਉਤਪਤੀ ਮੰਨੀ ਗਈ ਹੈ :

1. **ਸ਼ੁੱਧ ਗ੍ਰਾਮ ਰਾਗ**—ਸ਼ੁੱਧ ਗ੍ਰਾਮ ਰਾਗ ਸੰਖਿਆ ਵਿਚ ਸੱਤ ਮੰਨੇ ਜਾਂਦੇ ਹਨ। ਇਹਨਾਂ ਵਿੱਚੋਂ ਤਿੰਨ ਸ਼ੜਜ ਗ੍ਰਾਮ ਤੋਂ ਅਤੇ ਚਾਰ ਮੱਧਮ ਗ੍ਰਾਮ ਤੋਂ ਉਤਪੰਨ ਮੰਨੇ ਜਾਂਦੇ ਹਨ, ਜੋ ਕਿ (1) ਸ਼ੜਜ-ਕੈਸ਼ਿਕ-ਮੱਧਮ, (2) ਸ਼ੁੱਧ ਸਾਧਾਰਿਤ, (3) ਸ਼ੜਜ-ਗ੍ਰਾਮ-ਰਾਗ। ਇਹ ਤਿੰਨ ਗ੍ਰਾਮ ਰਾਗ ਸ਼ੜਜ ਗ੍ਰਾਮ ਤੋਂ; ਅਤੇ (1) ਪੰਚਮ, (2) ਮੱਧਮ, (3) ਛਾੜਵ, (4) ਸ਼ੁੱਧ ਕੈਸ਼ਿਕ-ਗ੍ਰਾਮ ਰਾਗ ਮੱਧਮ ਗ੍ਰਾਮ ਤੋਂ ਉਤਪੰਨ ਮੰਨੇ ਗਏ ਸਨ।
2. **ਭਿੰਨ ਗ੍ਰਾਮ ਰਾਗ**—ਭਿੰਨ ਗ੍ਰਾਮ ਰਾਗ ਸੰਖਿਆ ਵਿਚ ਪੰਜ ਮੰਨੇ ਜਾਂਦੇ ਸਨ। ਇਹਨਾਂ ਵਿੱਚੋਂ ਦੋ ਸ਼ੜਜ ਗ੍ਰਾਮ ਤੋਂ ਅਤੇ ਤਿੰਨ ਮੱਧਮ ਗ੍ਰਾਮ ਤੋਂ ਉਤਪੰਨ ਮੰਨੇ ਜਾਂਦੇ ਸਨ। ਜੋ ਕਿ (1) ਕੈਸ਼ਿਕ-ਮੱਧਮ ਭਿੰਨ ਸ਼ੜਜ ਗ੍ਰਾਮ ਤੋਂ ਅਤੇ (2) ਕੈਸ਼ਿਕ, (3) ਭਿੰਨ ਪੰਚਮ, ਮੱਧਮ ਗ੍ਰਾਮ ਤੋਂ ਉਤਪੰਨ ਮੰਨੇ ਗਏ ਸਨ। ਸੁਰ ਭਿੰਨ, ਜਾਤੀ ਭਿੰਨ, ਸ਼ੁੱਧ ਭਿੰਨ ਅਤੇ ਸ਼ਰੁਤੀ ਭਿੰਨ, ਇਹ ਚਾਰ ਪ੍ਰਕਾਰ ਭਿੰਨ ਗ੍ਰਾਮਾਂ ਰਾਗਾਂ ਦੇ ਸਨ।
3. **ਗੌੜ ਗ੍ਰਾਮ ਰਾਗ**—ਗੌੜ ਗ੍ਰਾਮ ਰਾਗ ਦੇ ਅੰਦਰ ਤਿੰਨ ਗ੍ਰਾਮ ਰਾਗ ਮੰਨੇ ਜਾਂਦੇ ਸਨ। ਦੋ ਸ਼ੜਜ ਗ੍ਰਾਮ ਤੋਂ ਅਤੇ ਇਕ ਮੱਧਮ ਗ੍ਰਾਮ ਤੋਂ ਉਤਪੰਨ ਮੰਨੇ ਜਾਂਦੇ ਸਨ। ਜਿਵੇਂ ਕਿ (1) ਗੌੜ-ਕੈਸ਼ਿਕ-ਮੱਧਮ, (2) ਗੌੜ ਪੰਚਮ, ਸ਼ੜਜ ਗ੍ਰਾਮ ਤੋਂ; ਅਤੇ (3) ਗੌੜ-ਕੈਸ਼ਿਕ, ਮੱਧਮ ਗ੍ਰਾਮ ਤੋਂ ਉਤਪੰਨ ਮੰਨੇ ਜਾਂਦੇ ਸਨ।
4. **ਵੇਸਰ ਗ੍ਰਾਮ ਰਾਗ**—ਵੇਸਰ ਗ੍ਰਾਮ ਰਾਗ ਦੇ ਅੱਠ ਗ੍ਰਾਮ ਰਾਗ ਮੰਨੇ ਜਾਂਦੇ ਸਨ। ਇਹਨਾਂ ਵਿੱਚੋਂ ਤਿੰਨ ਸ਼ੜਜ ਗ੍ਰਾਮ ਤੋਂ, ਤਿੰਨ ਮੱਧਮ ਗ੍ਰਾਮ ਤੋਂ ਅਤੇ ਦੋ ਸ਼ੜਜ ਗ੍ਰਾਮ ਅਤੇ ਮੱਧਮ ਗ੍ਰਾਮ ਦੋਹਾਂ ਤੋਂ ਉਤਪੰਨ ਮੰਨੇ ਗਏ ਸਨ। ਜਿਵੇਂ ਕਿ: (1) ਟੱਕ, (2) ਵੇਸਰ, (3) ਸੌ-ਵੀਰ, ਸ਼ੜਜ ਗ੍ਰਾਮ ਤੋਂ; (1) ਵੋਟ, (2) ਮਾਲਵ-ਕੈਸ਼ਿਕ, (3) ਮਾਲਵ-ਪੰਚਮ, ਮੱਧਮ ਗ੍ਰਾਮ ਤੋਂ; ਅਤੇ (1) ਟੱਕ ਕੈਸ਼ਿਕ, (2) ਹਿੰਦੋਲ-ਗ੍ਰਾਮ-ਰਾਗ, ਸ਼ੜਜ ਅਤੇ ਮੱਧਮ ਗ੍ਰਾਮ ਇਕੱਠਿਆਂ ਤੋਂ ਉਤਪੰਨ ਮੰਨੇ ਗਏ ਸਨ।
5. **ਸਾਧਾਰਣ ਗ੍ਰਾਮ ਰਾਗ**—ਸਾਧਾਰਣ ਗ੍ਰਾਮ ਰਾਗ ਦੇ ਅੰਦਰ ਸੱਤ ਗ੍ਰਾਮ ਰਾਗ ਸਨ। ਇਹਨਾਂ ਵਿੱਚੋਂ ਤਿੰਨ ਸ਼ੜਜ ਗ੍ਰਾਮ ਤੋਂ ਅਤੇ ਚਾਰ ਮੱਧਮ ਗ੍ਰਾਮ ਤੋਂ ਉਤਪੰਨ ਮੰਨੇ ਜਾਂਦੇ ਸਨ। ਜਿਵੇਂ ਕਿ : (1) ਰੂਪ-ਸਾਧਾਰ, (2) ਸ਼ਕ, (3) ਭਸਮਾਣ-ਪੰਚਮ; ਸ਼ੜਜ ਗ੍ਰਾਮ ਤੋਂ; ਅਤੇ (1) ਨਰਤ, (2) ਗੰਧਾਰ-ਪੰਚਮ, (3) ਸ਼ੜਜ-ਕੈਸ਼ਿਕ, (4) ਕਕੁੰਭ-ਗ੍ਰਾਮ-ਰਾਗ, ਮੱਧਮ ਗ੍ਰਾਮ ਤੋਂ ਉਤਪੰਨ ਮੰਨੇ ਜਾਂਦੇ ਸਨ।

ਇਸ ਪ੍ਰਕਾਰ ਨਾਲ ਸ਼ੁੱਧ ਸੱਤ, ਭਿੰਨ ਪੰਜ, ਗੌੜ ਤਿੰਨ, ਵੇਸਰ ਅੱਠ ਅਤੇ ਸਾਧਾਰਣ ਸੱਤ, ਕੁੱਲ ਮਿਲਾ ਕੇ 7 + 5 + 3 + 8 + 7 = 30 ਗ੍ਰਾਮ ਰਾਗ ਮੰਨੇ ਜਾਂਦੇ ਸਨ।

(3) ਦਸਵਿਧੀ ਰਾਗ ਵਰਗੀਕਰਣ

ਤੇਰ੍ਹਵੀਂ ਸ਼ਤਾਬਦੀ ਦੇ ਮੱਧ ਵਿਚ ਸਾਰੰਗ ਦੇਵ ਦੁਆਰਾ ਲਿਖਿਤ *ਸੰਗੀਤ ਰਤਨਾਕਰ* ਵਿਚ ਸਭ ਰਾਗਾਂ ਨੂੰ ਦੱਸ ਹਿੱਸਿਆਂ ਵਿਚ ਵੰਡਿਆ ਸੀ। ਉਹਨਾਂ ਦੇ ਨਾਮ ਇਸ ਪ੍ਰਕਾਰ ਸਨ: (1) ਗ੍ਰਾਮ ਰਾਗ, (2) ਰਾਗ, (3) ਉਪਰਾਗ, (4) ਭਾਸ਼ਾ, (5) ਵਿਭਾਸ਼ਾ, (6) ਅੰਤਰ ਭਾਸ਼ਾ, (7) ਰਾਗਾਂਗ, (8) ਭਾਸ਼ਾਂਗ, (9) ਉਪਾਂਗ, (10) ਕ੍ਰਿਆਂਗ।

ਵਾਸਤਵ ਵਿਚ ਇਹਨਾਂ ਦੀ ਸਪੱਸ਼ਟ ਅਤੇ ਵਿਸਥਾਰ ਪੂਰਵਕ ਵਿਆਖਿਆ ਕਿਸੀ ਗ੍ਰੰਥ ਵਿਚ ਵੀ ਨਹੀਂ ਮਿਲਦੀ ਅਤੇ ਜੋ ਕੁਝ ਮਿਲਦੀ ਵੀ ਹੈ ਤਾਂ ਉਹ ਆਪਸ ਵਿਚ ਇਕ ਦੂਸਰੇ ਦੀ ਵਿਰੋਧੀ ਹੈ। ਇਸ ਲਈ ਇਹਨਾਂ ਦੇ ਵਿਸ਼ੇ ਵਿਚ ਜ਼ਿਆਦਾ ਕੁਝ ਨਹੀਂ ਕਿਹਾ ਜਾ ਸਕਦਾ। ਪਰ ਕੁਝ ਸੰਖੇਪ ਹਾਲ ਗ੍ਰੰਥਾਂ ਤੋਂ ਮਿਲਦਾ ਹੈ। ਉਹ ਇਸ ਪ੍ਰਕਾਰ ਹੈ:

ਗ੍ਰਾਮ ਰਾਗ, ਉਪਰਾਗ ਅਤੇ ਰਾਗ ਦਾ ਪ੍ਰੀਚੈ

ਗ੍ਰਾਮ ਰਾਗ, ਉਪਰਾਗ ਅਤੇ ਰਾਗ ਇਹਨਾਂ ਦੀ ਉਤਪਤੀ ਜਾਤੀਆਂ ਤੋਂ ਮੰਨੀ ਗਈ ਹੈ। ਸ਼ੜਜ ਗ੍ਰਾਮ ਅਤੇ ਮੱਧਮ ਗ੍ਰਾਮ ਤੋਂ ਮੂਰਛਨਾ ਦੇ ਆਧਾਰ 'ਤੇ ਗ੍ਰਾਮ ਰਾਗ ਮੰਨੇ ਗਏ ਸਨ, ਜਿਹਨਾਂ ਦੀ ਸੰਖਿਆ 30 ਸੀ। ਗ੍ਰਾਮ ਰਾਗ ਤੋਂ ਹੀ ਕੁਝ ਹੋਰ ਗੀਤ ਰਚਨਾਵਾਂ ਉਤਪੰਨ ਹੋਈਆਂ, ਜਿਹਨਾਂ ਨੂੰ ਰਾਗ ਅਤੇ ਉਪਰਾਗ ਕਿਹਾ ਗਿਆ। ਇਸੀ ਪ੍ਰਕਾਰ ਨਾਲ ਗ੍ਰਾਮ ਰਾਗ, ਉਪਰਾਗ ਅਤੇ ਰਾਗ ਦੇ ਵਰਗੀਕਰਣ ਸਨ। *ਸੰਗੀਤ ਰਤਨਾਕਰ* ਵਿਚ 30 ਗ੍ਰਾਮ ਰਾਗ, 20 ਰਾਗ ਅਤੇ 8 ਉਪਰਾਗਾਂ ਦਾ ਵਰਣਨ ਹੈ। ਅੱਠ ਉਪਰਾਗਾਂ ਦੇ ਨਾਮ ਇਸ ਪ੍ਰਕਾਰ ਹਨ—(1) ਸ਼ਕਤਿਲਕ, (2) ਟੱਕ ਸੈਧਵ, (3) ਕੋਕਿਲਾ ਪੰਚਮ, (4) ਰੇਵਗੁਪਤ, (5) ਪੰਚਮ ਛਾੜਵ, (6) ਭਾਵਨਾ ਪੰਚਮ, (7) ਨਾਗ ਗੰਧਾਰ, (8) ਨਾਗ ਪੰਚਮ, ਆਦਿ।

ਰਾਗਾਂ ਦੀ ਰਚਨਾ ਵੀ ਜਾਤੀ ਤੋਂ ਮੰਨੀ ਗਈ ਸੀ ਅਤੇ ਉਹਨਾਂ ਦੀ ਸੰਖਿਆ 20 ਸੀ ਅਤੇ ਉਹਨਾਂ ਦੇ ਨਾਮ ਇਸ ਪ੍ਰਕਾਰ ਸਨ। ਜਿਵੇਂ ਕਿ (1) ਸ੍ਰੀ, (2) ਨਟ, (3) ਬੰਗਾਲ ਪ੍ਰਥਮ, (4) ਬੰਗਾਲ ਦਿਤ੍ਰੀਆਂ, (5) ਭਾਸ, (6) ਮੱਧਮ ਛਾੜਵ, (7) ਰਕਤ-ਹੰਸ, (8) ਕੋਹਵਾਸ, (9) ਪ੍ਰਸਵ, (10) ਭੈਰਵ, (11) ਧਵਨਿ, (12) ਮੇਘ, (13) ਸਾਭ ਰਾਗ, (14) ਕਾਮੋਦ-ਪ੍ਰਥਮ, (15) ਕਾਮੋਦ ਦਿਤ੍ਰੀਆਂ, (16) ਅਮਰ ਪੰਚਮ, (17) ਕੰਦਰਪ, (18) ਦੇਸ਼ਾਖਯ, (19) ਕੈਸ਼ਿਕ-ਕਕੁੰਭ, (20) ਨਟ ਨਾਰਾਇਣ, ਆਦਿ।

ਭਾਸ਼ਾ, ਵਿਭਾਸ਼ਾ ਅਤੇ ਅੰਤਰ ਭਾਸ਼ਾ ਦਾ ਪ੍ਰੀਚੈ

ਗ੍ਰਾਮ ਰਾਗ ਤੋਂ ਉਤਪੰਨ ਗਾਉਣ ਵਾਲੀਆਂ ਰਚਨਾਵਾਂ ਵਿਚ ਭਾਸ਼ਾ ਰਾਗ ਵੀ ਸ਼ਾਮਿਲ ਸੀ। ਭਾਸ਼ਾ ਤੋਂ ਵਿਭਾਸ਼ਾ ਰਾਗ ਅਤੇ ਅੰਤਰ ਭਾਸ਼ਾ ਰਾਗ ਉਤਪੰਨ ਮੰਨੇ ਗਏ ਸਨ। ਪ੍ਰਾਚੀਨ ਗ੍ਰੰਥਾਂ ਵਿਚ ਭਾਸ਼ਾ, ਵਿਭਾਸ਼ਾ ਅਤੇ ਅੰਤਰ ਭਾਸ਼ਾ ਦਾ ਪ੍ਰਯੋਗ ਮੁੱਖ ਦੋ ਅਰਥਾਂ ਵਿਚ ਹੋਇਆ:

1. ਪਹਿਲੇ ਅਰਥ ਦੇ ਅਨੁਸਾਰ ਭਾਸ਼ਾ, ਵਿਭਾਸ਼ਾ ਅਤੇ ਅੰਤਰ ਭਾਸ਼ਾ ਰਾਗਾਂ ਦੀ ਤਰ੍ਹਾਂ ਹੀ ਖ਼ਾਸ ਗੀਤ ਰਚਨਾਵਾਂ ਸਨ।
2. ਦੂਸਰੇ ਅਰਥਾਂ ਦੇ ਅਨੁਸਾਰ ਇਹ ਪ੍ਰਾਚੀਨ ਗੀਤੀ ਜਾਂ ਗਾਇਨ ਵਿਧੀ ਦੇ ਪ੍ਰਕਾਰ ਸਨ। ਜਿਹਨਾਂ ਰਾਗਾਂ ਵਿਚ ਭਾਸ਼ਾ ਸ਼ੈਲੀ ਪ੍ਰਯੋਗ ਕੀਤੀ ਜਾਂਦੀ ਸੀ, ਉਹ ਭਾਸ਼ਾ

ਰਾਗ; ਜਿਹਨਾਂ ਰਾਗਾਂ ਵਿਚ ਬਾਹਰਲੀ ਭਾਸ਼ਾ ਸ਼ੈਲੀ ਪ੍ਰਯੋਗ ਕੀਤੀ ਜਾਂਦੀ ਸੀ, ਉਹ ਵਿਭਾਸ਼ਾ ਰਾਗ ਅਤੇ ਜਿਹਨਾਂ ਵਿਚ ਅੰਤਰ ਭਾਸ਼ਾ ਸ਼ੈਲੀ ਪ੍ਰਯੋਗ ਕੀਤੀ ਜਾਂਦੀ ਸੀ, ਉਹ ਅੰਤਰ ਭਾਸ਼ਾ ਰਾਗ ਕਹਿਲਾਂਦੇ ਸਨ।

ਮਤੰਗ ਮੁਨੀ ਦੁਆਰਾ ਲਿਖਿਤ *ਵ੍ਰਿਹਦਦੇਸ਼ੀ* ਵਿਚ ਸੱਤ ਪ੍ਰਕਾਰ ਦੀਆਂ ਗੀਤੀਆਂ ਮੰਨੀਆਂ ਗਈਆਂ ਸਨ ਜਿਹਨਾਂ ਵਿਚ ਭਾਸ਼ਾ, ਵਿਭਾਸ਼ਾ, ਅੰਤਰ ਭਾਸ਼ਾ ਵੀ ਹਨ। ਮਤੰਗ ਨੇ ਭਾਸ਼ਾ ਦੇ 16 ਅਤੇ ਵਿਭਾਸ਼ਾ ਦੇ ਅੰਦਰ 13 ਰਾਗ ਮੰਨੇ ਹਨ। ਯਾਸਤਕਿ ਨੇ ਗੀਤ ਦੇ ਕੇਵਲ ਤਿੰਨ ਪ੍ਰਕਾਰ ਭਾਸ਼ਾ, ਵਿਭਾਸ਼ਾ ਅਤੇ ਅੰਤਰ ਭਾਸ਼ਾ ਮੰਨੇ ਹਨ। *ਰਤਨਾਕਰ* ਵਿਚ ਭਾਸ਼ਾ-ਰਾਗ, ਵਿਭਾਸ਼ਾ-ਰਾਗ ਅਤੇ ਅੰਤਰ-ਭਾਸ਼ਾ ਰਾਗਾਂ ਦੇ ਨਾਮ ਤਾਂ ਮਿਲਦੇ ਹਨ, ਪਰ ਉਹਨਾਂ ਦਾ ਸਪੱਸ਼ਟ ਵਰਣਨ ਨਹੀਂ ਮਿਲਦਾ। ਇਹ ਵਰਗੀਕਰਣ ਗੰਧਰਵ-ਗੀਤ ਦੇ ਅੰਦਰ ਹੋਣ ਦੇ ਕਾਰਨ ਅ-ਪ੍ਰਚਲਿਤ ਹੋ ਗਏ।

ਦੱਸਿਆ ਗਿਆ ਹੈ ਕਿ 30 ਰਾਗ, 8 ਉਪਰਾਗ ਅਤੇ 20 ਰਾਗ, ਕੁਲ ਮਿਲਾ ਕੇ 58 ਰਾਗ ਮੰਨੇ ਗਏ ਹਨ। ਇਹਨਾਂ ਵਿੱਚੋਂ 15 ਤੋਂ ਭਾਸ਼ਾ, ਵਿਭਾਸ਼ਾ ਅਤੇ ਅੰਤਰ-ਭਾਸ਼ਾ ਜਿਹੇ ਰਾਗਾਂ ਦੀ ਉਤਪਤੀ ਮੰਨੀ ਗਈ ਹੈ। ਉਹਨਾਂ ਦਾ ਸੰਖੇਪ ਵੇਰਵਾ ਇਸ ਪ੍ਰਕਾਰ ਹੈ :

ਸੰਖੇਪ ਵੇਰਵਾ

ਲੜੀ ਨੰ:	*ਰਾਗ ਦਾ ਨਾਮ*	*ਭਾਸ਼ਾ ਰਾਗ*	*ਵਿਭਾਸ਼ਾ ਰਾਗ*	*ਅੰਤਰ-ਭਾਸ਼ਾ ਰਾਗ*
1.	ਸੌਵੀਰ	4	x	x
2.	ਕੁਕੰਭ	6	3	1
3.	ਟੱਕ	21	4	x
4.	ਪੰਚਮ	10	2	x
5.	ਭਿੰਨ ਪੰਚਮ	4	1	x
6.	ਟੱਕ ਕੈਸ਼ਿਕ	2	1	x
7.	ਹਿੰਦੋਲ	9	x	x
8.	ਵੋਟ	1	x	x
9.	ਪਾਲਵ ਕੋਸ਼ਿਕ	13	2	x
10.	ਗੰਧਾਰ ਪੰਚਮ	1	x	x
11.	ਭਿੰਨ ਸ਼ੜਜ	17	4	x
12.	ਵੇਸਰ-ਛਾੜਵ	2	2	x
13.	ਮਾਲਵ-ਪੰਚਮ	3	x	x
14.	ਤਾਨ	1	x	x
15.	ਪੰਚਮ-ਛਾੜਵ	1	x	x
	ਕੁਲ ਜੋੜ	95	19	1

ਇਹਨਾਂ ਤੋਂ ਇਲਾਵਾ ਕੁਝ ਗ੍ਰੰਥਾਂ ਨੇ ਰੇਵ-ਗੁਪਤ ਤੋਂ ਇਕ ਭਾਸ਼ਾ, ਇਕ ਵਿਭਾਸ਼ਾ ਅਤੇ ਤਿੰਨ ਅੰਤਰ ਭਾਸ਼ਾਵਾਂ ਉਤਪੰਨ ਮੰਨੀਆਂ ਹਨ।

ਰਾਗਾਂਗ, ਭਾਸ਼ਾਂਗ, ਕ੍ਰਿਆਂਗ, ਉਪਾਂਗ ਦਾ ਸੰਖੇਪ ਵੇਰਵਾ

ਇਹ ਸਭ ਦੇਸੀ ਸੰਗੀਤ ਵਿਚ ਆਉਂਦੇ ਹਨ। ਇਸ ਲਈ ਇਹਨਾਂ ਦੀ ਜਾਣਕਾਰੀ ਰੱਖਣਾ ਬਹੁਤ ਜ਼ਰੂਰੀ ਹੈ। ਇਹਨਾਂ ਦੇ ਵਿਸ਼ੇ ਵਿਚ ਪ੍ਰਾਚੀਨ ਗ੍ਰੰਥਾਂ ਵਿਚ ਮੁੱਖ ਚਾਰ ਮਤ ਮਿਲਦੇ ਹਨ, ਜੋ ਕਿ ਇਸ ਪ੍ਰਕਾਰ ਹਨ:

1. ਦਮੋਦਰ ਪੰਡਿਤ ਨੇ *ਸੰਗੀਤ ਦਰਪਣ* ਵਿਚ ਦੱਸਿਆ ਹੈ ਕਿ ਜਿਸ ਰਾਗ ਵਿਚ ਗ੍ਰਾਮ ਰਾਗ ਦੀ ਛਾਇਆ ਹੋਵੇ, ਉਹ ਰਾਗਾਂਗ ਰਾਗ; ਜਿਨ੍ਹਾਂ ਵਿਚ ਭਾਸ਼ਾ ਰਾਗ ਦੀ ਛਾਇਆ ਹੋਵੇ, ਉਹ ਭਾਸ਼ਾਂਗ ਰਾਗ, ਜਿਹਨਾਂ ਤੋਂ ਥੱਕੀਆਂ ਹੋਈਆਂ ਇੰਦਰੀਆਂ ਨੂੰ ਉਤਸ਼ਾਹ ਪ੍ਰਾਪਤ ਹੋਵੇ, ਉਹ ਕ੍ਰਿਆਂਗ ਰਾਗ ਅਤੇ ਜਿਹਨਾਂ ਵਿੱਚੋਂ ਰਾਗ ਦੀ ਛਾਇਆ ਬਹੁਤ ਥੋੜ੍ਹੀ ਹੋਵੇ, ਉਹ ਉਪਾਂਗ ਰਾਗ ਹਨ। ਇਹਨਾਂ ਵਿੱਚੋਂ ਕ੍ਰਿਆਂਗ ਅਤੇ ਉਪਾਂਗ ਦਾ ਅਰਥ ਸਪੱਸ਼ਟ ਨਹੀਂ ਹੈ।
2. ਦੂਸਰੇ ਅਰਥਾਂ ਵਿਚ ਰਾਗਾਂਗ ਦਾ ਅਰਥ ਰਾਗ ਦੇ ਭਿੰਨ-ਭਿੰਨ ਅੰਗ, ਉਪਾਂਗ ਦਾ ਅਰਥ ਰਾਗਾਂ ਦੇ ਹੋਰ ਛੋਟੇ-ਛੋਟੇ ਅੰਗ, ਭਾਸ਼ਾਂਗ ਦਾ ਅਰਥ ਭਾਸ਼ਾ ਨਾਮਕ ਗੀਤੀ (ਗਾਇਨ ਵਿਧੀ) ਦੇ ਭਿੰਨ ਭਿੰਨ ਅੰਗ ਅਤੇ ਕ੍ਰਿਆਂਗ ਦਾ ਅਰਥ ਗਾਇਨ ਕਿਰਿਆ ਦੇ ਵਿਵਿਧ ਭਾਵ ਹੋਰ ਅੰਗਾਂ ਤੋਂ ਲਿਆ ਗਿਆ ਹੈ।
3. ਤੀਸਰਾ ਅਰਥ *ਭਾਵਖੰਡੇ ਸ਼ਾਸਤਰ* ਦੇ ਪਹਿਲੇ ਭਾਗ ਦੇ ਹਿੰਦੀ ਸੰਸਕਰਣ ਪੰਨਾ 140 ਵਿਚ ਇਸ ਪ੍ਰਕਾਰ ਦਿੱਤਾ ਗਿਆ ਹੈ ਕਿ ਜਿਹਨਾਂ ਰਾਗਾਂ ਵਿਚ ਸ਼ਾਸਤਰੀਯ ਨਿਯਮਾਂ ਦਾ ਪਾਲਣ ਹੋਵੇ, ਉਹ ਰਾਗਾਂਗ ਰਾਗ ਕਹਿਲਾਂਦੇ ਹਨ। ਸ਼ਾਸਤਰੀ ਨਿਯਮ ਦੇ ਉਲੰਘਣ ਹੋਣ ਨਾਲ ਰਾਗਾਂਗ ਨਸ਼ਟ ਹੋ ਜਾਂਦਾ ਹੈ।

ਭਾਸ਼ਾਂਗ ਰਾਗ ਉਹ ਹਨ, ਜਿਹਨਾਂ ਦੀ ਰਚਨਾ ਦੇਸ਼ ਵਿਚ ਪ੍ਰਚਲਿਤ ਸ਼ੈਲੀਆਂ ਦੇ ਆਧਾਰ 'ਤੇ ਹੋਈ ਹੋਵੇ। ਇਹ ਸ਼ਾਸਤਰੀਯ ਸਿਧਾਂਤਾਂ 'ਤੇ ਆਧਾਰਿਤ ਨਹੀਂ ਹੁੰਦੇ, ਬਲਕਿ ਸ਼ਾਸਤਰੀਯ ਸਿਧਾਂਤਾਂ ਦੇ ਕੋਲ ਹੁੰਦੇ ਹਨ।

ਕ੍ਰਿਆਂਗ ਰਾਗ ਉਹ ਹਨ, ਜਿਹਨਾਂ ਦੇ ਅਵਰੋਹ ਵਿਚ ਕਦੀ ਕਦੀ ਰਾਗ ਦੀ ਰੰਜਕਤਾ ਵਧਾਉਣ ਦੇ ਲਈ ਵਿਵਾਦੀ ਸੁਰਾਂ ਦਾ ਪ੍ਰਯੋਗ ਕਰ ਲਿਆ ਜਾਂਦਾ ਹੋਵੇ।

ਉਪਾਂਗ ਰਾਗ ਉਹ ਹਨ, ਜਿਹਨਾਂ ਵਿਚ ਰਾਗ ਦੇ ਮੂਲ ਸੁਰਾਂ ਵਿੱਚੋਂ ਕੋਈ ਸੁਰ ਹਟਾ ਕੇ ਵਿਵਾਦੀ ਸੁਰ ਦਾ ਪ੍ਰਯੋਗ ਕੀਤਾ ਜਾਂਦਾ ਹੋਵੇ।

(4) ਸ਼ੁੱਧ, ਛਾਇਆ-ਲਗ ਅਤੇ ਸੰਕੀਰਣ ਵਰਗੀਕਰਣ

ਪ੍ਰਾਚੀਨ ਕਾਲ ਤੋਂ ਰਾਗ ਨੂੰ ਇਹਨਾਂ ਤਿੰਨ ਵਰਗਾਂ ਵਿਚ ਵੰਡਣ ਦੀ ਵਿਧੀ ਚਲੀ ਆ ਰਹੀ ਹੈ। ਮਤੰਗ, ਭਰਤ ਅਤੇ ਸਾਰੰਗ ਦੇਵ ਦੇ ਗ੍ਰੰਥਾਂ ਵਿਚ (1) ਸ਼ੁੱਧ, (2) ਛਾਇਆ-ਲਗ ਜਾਂ ਸਾਲੰਕ ਜਾਂ ਸਾਲਗ, (3) ਸੰਕੀਰਣ ਜਾਂ ਮਿਸ਼ਰ ਆਦਿਕ ਦਾ ਉਲੇਖ ਹੈ। ਪ੍ਰਾਚੀਨ ਕਾਲ ਦੇ ਰਾਗਾਂ ਦਾ ਸਰੂਪ ਸਪੱਸ਼ਟ ਨਾ ਹੋਣ ਦੇ ਕਾਰਨ ਇਹ ਵਰਗੀਕਰਣ ਵੀ ਬਹੁਤ ਪ੍ਰਚਲਿਤ ਨਹੀਂ ਰਿਹਾ ਅਤੇ ਨਾ ਹੀ ਇਸ ਵਰਗੀਕਰਣ ਦਾ ਅਜੇ ਸਪੱਸ਼ਟੀਕਰਣ ਮਿਲਦਾ ਹੈ। ਸੋ ਜਿਸ ਪ੍ਰਕਾਰ ਮਿਲਦਾ ਹੈ, ਉਸ ਦਾ ਵਿਵਰਣ ਇਸ ਪ੍ਰਕਾਰ ਹੈ:

1. **ਸ਼ੁੱਧ ਰਾਗ**—ਜਿਹਨਾਂ ਰਾਗਾਂ ਵਿਚ ਸ਼ਾਸਤਰ ਦੇ ਨਿਯਮਾਂ ਦਾ ਪ੍ਰਯੋਗ ਸ਼ੁੱਧ ਰੂਪ ਵਿਚ ਹੁੰਦਾ ਹੈ, ਉਸ ਨੂੰ ਸ਼ੁੱਧ ਰਾਗ ਕਹਿੰਦੇ ਹਨ। ਇਹ ਰਾਗ ਸੁਤੰਤਰ ਹੁੰਦੇ ਹਨ ਅਤੇ

ਇਹਨਾਂ ਵਿਚ ਕਿਸੇ ਵੀ ਦੂਸਰੇ ਰਾਗ ਦੀ ਛਾਇਆ ਨਹੀਂ ਆਉਂਦੀ। ਅਤਿਆ ਬੇਗਮ ਨੇ ਇਸ ਬਾਰੇ ਵਿਚ *ਦੀ ਮਿਊਜ਼ਿਕ ਆਫ਼ ਇੰਡੀਆ* ਵਿਚ ਲਿਖਿਆ ਹੈ ਕਿ ਸ਼ੁੱਧ ਉਹਨਾਂ ਰਾਗਾਂ ਦਾ ਨਾਮ ਹੈ, ਜਿਨ੍ਹਾਂ ਦੇ ਸੁਰ ਆਪਣੀ ਮੌਲਿਕ ਸ਼ੁੱਧਤਾ ਵਿਚ ਚਲੇ ਆ ਰਹੇ ਹਨ। ਜਿਵੇਂ ਕਿ ਪੂਰਵੀ, ਕੱਲਿਆਣ ਆਦਿਕ ਦਸ ਆਸ਼ਿਰਯ ਰਾਗ ਸ਼ੁੱਧ ਰਾਗ ਕਹਿਲਾਂਦੇ ਹਨ।

2. **ਛਾਇਆ-ਲਗ**—ਜਿਹਨਾਂ ਰਾਗਾਂ ਵਿਚ ਕਿਸੀ ਦੂਸਰੇ ਰਾਗ ਦੀ ਛਾਇਆ ਆਵੇ, ਉਹ ਛਾਇਆ-ਲਗ ਰਾਗ ਕਹਿਲਾਂਦੇ ਹਨ। ਜਿਵੇਂ ਤਿਲਕ ਕਾਮੋਦ, ਪਰਜ ਆਦਿਕ।
3. **ਸੰਕੀਰਣ ਰਾਗ**—ਜਿਹਨਾਂ ਰਾਗਾਂ ਵਿਚ ਸ਼ੁੱਧ ਅੱਤੇ ਸੰਕੀਰਣ ਰਾਗਾਂ ਦਾ ਮਿਸ਼ਰਣ ਹੋਵੇ ਜਾਂ ਇਕ ਰਾਗ ਤੋਂ ਜ਼ਿਆਦਾ ਰਾਗਾਂ ਦੀ ਛਾਇਆ ਆਵੇ, ਉਹ ਸੰਕੀਰਣ ਰਾਗ ਕਹਿਲਾਂਦੇ ਹਨ। ਇਹਨਾਂ ਰਾਗਾਂ ਦਾ ਮਿਸ਼ਰਣ ਮਧੁਰਤਾ ਲਈ ਕੀਤਾ ਜਾਂਦਾ ਹੈ। ਸੰਕੀਰਣ ਰਾਗਾਂ ਵਿਚ ਸ਼ੁੱਧ ਤੇ ਛਾਇਆ-ਲਗ ਰਾਗਾਂ ਦਾ ਮਿਸ਼ਰਣ ਹੁੰਦਾ ਹੈ।

'ਸਟਰੈਂਗਵੇਜ' ਦੇ ਮਤ ਅਨੁਸਾਰ ਸ਼ੁੱਧ ਰਾਗ ਉਹ ਹਨ, ਜਿਨ੍ਹਾਂ ਵਿਚ ਸਪਤਕ ਦੇ ਦੋਨਾਂ ਅੰਗਾਂ ਵਿਚ ਗਮਨ ਹੁੰਦਾ ਹੈ, ਅਰਥਾਤ ਉਹ ਬਰਾਬਰ ਸ੍ਵਰਾਂਤਰ ਦੇ ਹੁੰਦੇ ਹਨ, ਜਿਵੇਂ ਕਿ ਕਲਿਆਣ।

ਛਾਇਆ ਰਾਗ ਉਹ ਹਨ, ਜਿਹਨਾਂ ਵਿਚ ਦੋਨੋਂ ਗੰਧਾਰ ਦੋਨੋਂ ਨਿਸ਼ਾਦ ਪ੍ਰਯੋਗ ਹੁੰਦੇ ਹਨ। ਸੰਕੀਰਣ ਰਾਗ ਉਹ ਹਨ, ਜਿਹਨਾਂ ਦੇ ਦੋਨਾਂ ਅੰਗਾਂ ਵਿਚ ਯਮਕ ਤਤਵ ਨਾ ਹੋਵੇ ਅਰਥਾਤ ਦੋਨਾਂ ਅੰਗਾਂ ਵਿਚ ਵਿਸ਼ਮ ਮੇਲ ਹੋਵੇ।

2. ਮੱਧ ਕਾਲ

ਸ਼ੁੱਧ, ਛਾਇਆ-ਲਗ ਤੇ ਸੰਕੀਰਣ

ਮੱਧ ਕਾਲ ਵਿਚ ਵੀ ਇਹ ਵਿਭਾਜਨ ਪ੍ਰਚਲਿਤ ਰਿਹਾ ਅਤੇ ਇਹਨਾਂ ਦੇ ਅਰਥਾਂ ਵਿਚ ਵੀ ਕੋਈ ਪਰਿਵਰਤਨ ਨਹੀਂ ਹੋਇਆ। ਪਰ ਇਤਨਾ ਜ਼ਰੂਰ ਹੋਇਆ ਕਿ ਇਸ ਦੇ ਸਮਰਥਨ ਦਿਨੋ-ਦਿਨ ਘੱਟ ਹੁੰਦੇ ਗਏ।

(1) ਮੇਲ ਰਾਗ ਵਰਗੀਕਰਣ

ਜਿਸ ਪ੍ਰਕਾਰ ਵਰਤਮਾਨ ਕਾਲ ਵਿਚ ਥਾਟ ਵਰਗੀਕਰਣ ਪ੍ਰਚਲਿਤ ਹੈ, ਉਸੇ ਪ੍ਰਕਾਰ ਮੱਧ ਕਾਲ ਵਿਚ ਮੇਲ ਰਾਗ ਵਰਗੀਕਰਣ ਸੀ। ਮੇਲ ਨੂੰ ਆਧੁਨਿਕ ਥਾਟ ਦਾ ਸਮਾਨ ਰੂਪ ਕਿਹਾ ਜਾ ਸਕਦਾ ਹੈ। ਉਸ ਕਾਲ ਵਿਚ ਮੇਲਾਂ ਦੀ ਸੰਖਿਆ ਦੇ ਵਿਸ਼ੇ ਵਿਚ ਇਕ ਮਤ ਨਹੀਂ ਸੀ। ਇਸ ਲਈ ਇਹ ਵਰਗੀਕਰਣ ਕੁਝ ਸਮੇਂ ਦੇ ਬਾਅਦ ਅ-ਪ੍ਰਚਲਿਤ ਹੋ ਗਿਆ।

ਗ੍ਰੰਥਕਾਰਾਂ ਦੇ ਆਪਸ ਵਿਚ ਮਤਭੇਦ

1. ਲੋਚਨ ਪੰਡਿਤ ਨੇ *ਰਾਗ ਤਰੰਗਿਣੀ* ਗ੍ਰੰਥ ਵਿਚ 12 ਮੇਲ ਸਵੀਕਾਰ ਕੀਤੇ ਹਨ, ਜੋ ਕਿ ਇਸ ਪ੍ਰਕਾਰ ਹਨ: (1) ਭੈਰਵੀ, (2) ਤੋੜੀ, (3) ਗੌਰੀ, (4) ਕਰਣਾਟ,

(5) ਕੇਦਾਰ, (6) ਇਮਨ, (7) ਸਾਰੰਗ, (8) ਮੇਘ, (9) ਪੂਰਵੀ, (10) ਧਨਾਸਿਰੀ, (11) ਮੁਖਾਰੀ, (12) ਦੀਪਕ।

ਇਹਨਾਂ ਮੇਲਾਂ ਤੋਂ ਉਹਨਾਂ ਨੇ ਰਾਗਾਂ ਦਾ ਜਨਮ ਮੰਨਿਆ ਹੈ। ਉਹਨਾਂ ਨੇ ਕੁਲ 75 ਰਾਗ ਮੰਨੇ ਹਨ। ਗੌਰੀ ਮੇਲ ਤੋਂ ਸਭ ਤੋਂ ਜ਼ਿਆਦਾ 25 ਜਨਯ ਰਾਗ, ਉਸ ਤੋਂ ਘੱਟ ਕਰਣਾਟ ਮੇਲ ਤੋਂ 16 ਜਨਯ ਰਾਗ, ਉਸ ਤੋਂ ਘੱਟ ਕੇਦਾਰ ਮੇਲ ਤੋਂ 12 ਜਨਯ ਰਾਗ ਮੰਨੇ ਹਨ।

ਮੱਧ ਕਾਲ ਦਾ ਗੌਰੀ ਰਾਗ ਆਧੁਨਿਕ ਰਾਗ ਭੈਰਵ ਦੇ ਸਮਾਨ ਸੀ। ਇਸ ਤੋਂ ਇਹ ਸਪੱਸ਼ਟ ਹੈ ਕਿ ਉਸ ਸਮੇਂ ਭੈਰਵ ਥਾਟ ਸਭ ਤੋਂ ਜ਼ਿਆਦਾ ਲੋਕਪ੍ਰਿਅ ਸੀ ਅਤੇ ਉਸ ਤੋਂ ਬਾਅਦ ਖਮਾਜ ਅਤੇ ਬਿਲਾਵਲ। ਕਿਉਂਕਿ ਕਰਣਾਟ ਮੇਲ ਤੋਂ ਖਮਾਜ ਥਾਟ ਦੇ ਅਤੇ ਕੇਦਾਰ ਮੇਲ ਬਿਲਾਵਲ ਥਾਟ ਦੇ ਸਮਾਨ ਸੀ।

2. ਰਾਮਾਮਾਤਯ ਨੇ *ਸੁਰ ਮੇਲ ਕਲਾਨਿਧ* ਗ੍ਰੰਥ ਵਿਚ ਮੁੱਖ 20 ਮੇਲ ਮੰਨੇ ਹਨ ਜੋ ਕਿ ਇਸ ਪ੍ਰਕਾਰ ਹਨ : (1) ਮੁਖਾਰੀ, (2) ਮਾਲਵ ਗੌੜ, (3) ਸ੍ਰੀ, (4) ਸਾਰੰਗ ਨਾਟ, (5) ਹਿੰਡੋਲ, (6) ਸ਼ੁੱਧ ਰਾਮ ਕਿਰਿਆ, (7) ਦੇਸ਼ਕਸ਼ੀ, (8) ਕਨੜ ਗੌਲ, (9) ਸ਼ੁੱਧ ਨਾਟ, (10) ਅਹੀਰੀ, (11) ਨਾਟ ਰਾਮ ਕ੍ਰੀ, (12) ਸ਼ੁੱਧ ਵਰਾਲੀ, (13) ਰੀਤਿਗੌਲ, (14) ਬਸੰਤ ਭੈਰਵੀ, (15) ਕੇਦਾਰ ਗੌਲ, (16) ਹਿਜੂਜੀ, (17) ਸਾਮਵਰਾਲੀ, (18) ਰੇਵ-ਗੁਪਤ, (19) ਸਾਮੰਤ, (20) ਕਾਭੋਜੀ।

ਉਹਨਾਂ ਨੇ ਸਭ ਤੋਂ ਜ਼ਿਆਦਾ 14 ਜਨਯ ਰਾਗ ਮਾਲਵੇ ਗੌੜ ਮੇਲ ਵਿਚ, 11 ਜਨਯ ਰਾਗ ਸ੍ਰੀ ਮੇਲ ਵਿਚ ਅਤੇ 9 ਜਨਯ ਰਾਗ ਸਾਰੰਗ ਨਾਟ ਮੇਲ ਵਿਚ ਰੱਖੇ ਸਨ। ਬਾਕੀ ਦੇ ਸਭ ਵਿਚ 2-2 ਜਾਂ 3-3 ਰਾਗ ਰੱਖੇ ਹਨ। ਮਾਲਵ ਗੌੜ ਭੈਰਵ ਥਾਟ ਦੇ, ਸ੍ਰੀ ਮੇਲ ਕਾਫੀ ਥਾਟ ਦੇ ਅਤੇ ਸਾਰੰਗ ਨਾਟ ਬਿਲਾਵਲ ਥਾਟ ਦੇ ਸਮਾਨ ਸੀ।

ਇਹਨਾਂ ਜਨਯ ਰਾਗਾਂ ਤੋਂ ਸਪੱਸ਼ਟ ਹੈ ਕਿ ਭੈਰਵ, ਕਾਫੀ ਅਤੇ ਬਿਲਾਵਲ ਥਾਟ ਦੇ ਰਾਗ ਜ਼ਿਆਦਾ ਲੋਕਪ੍ਰਿਅ ਸਨ।

3. ਪੁੰਡਲੀਕ ਵਿੱਠਲ ਨੇ *ਸਦ੍ਰਾਗ ਚਨ ਦੋ ਦਯ* ਅਤੇ *ਰਾਗ ਮੰਜਰੀ* ਵਿਚ ਮੇਲ ਅਤੇ ਜਨਯ ਰਾਗ ਦੇ ਸਿਧਾਂਤਾਂ ਦਾ ਵਰਣਨ ਕੀਤਾ ਹੈ। ਉਹਨਾਂ ਦੇ ਮੇਲਾਂ ਦੀ ਸੰਖਿਆ 19 ਸਵੀਕਾਰ ਕੀਤੀ ਹੈ, ਜੋ ਕਿ ਇਸ ਪ੍ਰਕਾਰ ਹੈ : (1) ਮੁਖਾਰੀ, (2) ਮਾਲਵ ਗੌੜ, (3) ਕੇਦਾਰ, (4) ਹਿਜ਼ਜੇ, (5) ਹਮੀਰ ਨਾਟ, (6) ਕਾਮੋਦ, (7) ਤੋੜੀ, (8) ਆਭੀਰੀ, (9) ਸ਼ੁੱਧ ਵਰਾਟੀ, (10) ਸ਼ੁੱਧ ਰਾਮ ਕ੍ਰੀ, (11) ਸ੍ਰੀ, (12) ਸ਼ੁੱਧ ਨਾਟ, (13) ਸਾਰੰਗ, (14) ਕਲਿਆਣ, (15) ਹਿੰਦੋਲ, (16) ਨਾਟ ਰਾਮ ਕ੍ਰੀ, (17) ਦੇਸ਼ਕਸ਼ੀ, (18) ਕਰਣਾਟ, (19) ਗੌੜ।

ਵਿੱਠਲ ਨੇ ਸਭ ਤੋਂ ਜ਼ਿਆਦਾ ਰਾਗ, ਜਿਨ੍ਹਾਂ ਦੀ ਸੰਖਿਆ 21 ਸੀ, ਮਾਲਵ ਗੌੜ ਦੇ ਅੰਦਰ ਅਤੇ ਕੇਦਾਰ ਮੇਲ ਦੇ ਅੰਦਰ 13 ਰਾਗ ਰੱਖੇ ਹਨ। ਇਸ ਤੋਂ ਸਪੱਸ਼ਟ ਹੈ ਕਿ ਉਹਨਾਂ ਦੇ ਸਮੇਂ ਵਿਚ ਭੈਰਵ ਅਤੇ ਬਿਲਾਵਲ ਥਾਟ ਦੇ ਰਾਗ ਜ਼ਿਆਦਾ ਪ੍ਰਚਾਰ ਵਿਚ ਸਨ। ਇਸ ਤੋਂ ਪਤਾ ਲੱਗਦਾ ਹੈ ਕਿ ਉਹਨਾਂ ਦੇ ਸਮੇਂ ਤੋਂ ਹੀ ਰਾਗ-ਰਾਗਣੀ ਪੱਧਤੀ ਜ਼ਿਆਦਾ ਲੋਕਪ੍ਰਿਅ ਹੋ ਰਹੀ ਸੀ। ਇਹਨਾਂ ਦੋਨਾਂ ਪੁਸਤਕਾਂ ਦੇ ਬਾਅਦ ਜਦ ਉਹਨਾਂ ਨੇ *ਰਾਗਮਾਲਾ* ਗ੍ਰੰਥ ਲਿਖਿਆ ਤਾਂ ਉਸ ਵਿਚ ਉਹਨਾਂ ਨੇ 'ਮੇਲ ਵਰਗੀਕਰਣ' ਦੀ ਜਗ੍ਹਾ 'ਤੇ ਰਾਗ-ਰਾਗਣੀ ਪੱਧਤੀ ਦਾ ਵਰਣਨ ਕੀਤਾ ਤੇ 6 ਰਾਗ ਅਤੇ ਹਰ ਇਕ ਰਾਗ ਦੀਆਂ 5-5 ਰਾਗਨੀਆਂ ਮੰਨੀਆਂ।

4. ਵਿਯਕੰਟ ਮੁਖੀ ਨੇ *ਚਤੁਰਦੰਡਕ ਪ੍ਰਕਾਸ਼ਕਾ* ਗ੍ਰੰਥ ਵਿਚ ਮੇਲਾਂ ਦੀ ਸੰਖਿਆ

19 ਮੰਨੀ ਹੈ ਅਤੇ ਉਹਨਾਂ ਤੋਂ ਉਤਪੰਨ 55 ਜਨਯ ਰਾਗ ਦੱਸੇ ਹਨ। ਮੇਲਾਂ ਦੇ ਨਾਮ ਇਸ ਪ੍ਰਕਾਰ ਹਨ : (1) ਮੁਖਾਰੀ, (2) ਸਾਮਵਰਾਲੀ, (3) ਭੂਪਾਲ, (4) ਗੌਲ, (5) ਬਸੰਤ ਭੈਰਵੀ, (6) ਅਹੀਰੀ, (7) ਭੈਰਵੀ, (8) ਸ੍ਰੀ, (9) ਹੇਜੁਜੀ, (10) ਕਾਂਭੋਜੀ, (11) ਸ਼ੰਕਰਾਭਰਣ, (12) ਸਾਮੰਤ, (13) ਦੇਸ਼ਕਸ਼ੀ, (14) ਨਾਟ, (15) ਸ਼ੁੱਧ ਵਰਾਲੀ, (16) ਪਤੁਵਰਾਲੀ, (17) ਸ਼ੁੱਧ ਰਾਮ ਕ੍ਰਿਆ, (18) ਸਿਹੰਰਵ, (19) ਕਲਿਆਣੀ।

ਇਹਨਾਂ ਨੇ ਗੌਲ ਮੇਲ ਤੋਂ 15 ਜਨਯ ਰਾਗ ਅਤੇ ਸ੍ਰੀ ਮੇਲ ਤੋਂ 8 ਰਾਗ ਸਵੀਕਾਰ ਕੀਤੇ ਹਨ। ਗਣਿਤ ਦੁਆਰਾ ਜ਼ਿਆਦਾ ਤੋਂ ਜ਼ਿਆਦਾ 72 ਥਾਟਾਂ ਦੀ ਰਚਨਾ ਕੀਤੀ ਹੈ।

5. *ਰਾਗ ਲਕਸ਼ਮਣ* ਗ੍ਰੰਥ *ਚਤੁਰਦੰਡ ਪ੍ਰਕਾਸ਼ਕਾ* ਦੇ ਬਾਅਦ ਲਿਖਿਆ ਗਿਆ। ਇਸ ਵਿਚ ਮੇਲਾਂ ਦੀ ਸੰਖਿਆ 72 ਦੱਸੀ ਗਈ ਹੈ, ਜੋ ਕਿ ਵਿਯਕੰਟ ਮੁਖੀ ਦੇ ਮੇਲਾਂ ਨਾਲੋਂ ਵੱਖਰੀ ਹੈ। ਕਰਨਾਟਕੀ ਸੰਗੀਤ ਵਿਚ ਰਾਗ ਲਕਸ਼ਣਮ ਦੇ ਮੇਲ ਹੀ ਪ੍ਰਚਲਿਤ ਹਨ। ਇਹਨਾਂ ਦੇ ਨਾਮ ਇਸ ਪ੍ਰਕਾਰ ਹਨ :

ਲੜੀ ਨੰ:	*ਮੇਲ ਨਾਮ*	*ਲੜੀ ਨੰ:*	*ਮੇਲ ਨਾਮ*	*ਲੜੀ ਨੰ:*	*ਮੇਲ ਨਾਮ*
1.	ਕੰਨਕਾਂਗੀ	25.	ਚਾਰੂਕੇਸ਼ੀ	49.	ਕਾਮ ਵਰਧਨੀ
2.	ਰਤਨਾਂਗੀ	26.	ਹਰਿਕਾਭੋਜੀ	50.	ਰਾਮ ਪ੍ਰਿਆ
3.	ਗਾਨਮੂਰਤੀ	27.	ਧੀਰਸ਼ੰਕਰਾਭਰਣ	51.	ਗਮਨ ਪ੍ਰਿਆ
4.	ਧੇਨੁਕਾਂ	28.	ਨਾਗਾ ਨੰਦਨੀ	52.	ਵਿਸ਼ਭੰਰੀ
5.	ਵਨਸਪਤੀ	29.	ਯਾਗ ਪ੍ਰਿਆ	53.	ਸ਼ਿਆਮ ਲਾਗੀ
6.	ਮਾਨਵਤੀ	30.	ਰਾਗ ਵਰਧਨੀ	54.	ਸਣਮੁੱਖ ਪ੍ਰਿਆ
7.	ਤਾਨਰੂਪੀ	31.	ਗੰਗਯੇਭੂਸ਼ਣ	55.	ਸਿਹੇਂਦਾਰ
8.	ਸੈਨਾਵਤੀ	32.	ਬਾਗਧਸ਼ਵਰੀ	56.	ਮਧਮ
9.	ਸਾਂਗੀ	33.	ਸ਼ੁਲਿਨੀ	57.	ਹੇਮਵਤੀ
10.	ਹਨੂਮਤਤੋੜੀ	34.	ਬਲ ਨਾਟ	58.	ਧਰਮਵਤੀ
11.	ਕੋਕਿਲ ਪ੍ਰਿਆ	35.	ਸਾਲਗ	59.	ਨੀਤਿਮਣੀ
12.	ਰੂਪਵਤੀ	36.	ਜਲਾਵਣ	60.	ਕਾਂਤਾ ਮਣੀ
13.	ਗਾਇਨ ਪ੍ਰਿਆ	37.	ਝਾਲਵਰਾਲੀ	61.	ਰਿਸ਼ਭ ਪ੍ਰਿਆ
14.	ਬਕੁਲਭਰਣ	38.	ਨਵਨੀਤ	62.	ਲਤਾਂਗੀ
15.	ਮਾਇਆ ਮਾਲਵ ਗੌੜ	39.	ਪਾਵਨੀ	63.	ਵਾਚਸਪਤੀ
16.	ਚਕਰਵਾਕ	40.	ਰਘੁਪ੍ਰਿਆ	64.	ਮੇਚ ਕਲਿਆਣੀ
17.	ਸੁਰਯਕਾਂਤ	41.	ਗਵਾਬੋਧੀ	65.	ਚਿਤਰਾਬਰੀ
18.	ਹਾਟ ਕਾਂਬਰੀ	42.	ਭਵਪ੍ਰਿਆ	66.	ਸੁਚਰਿਤਰ
19.	ਝੰਕਾਰ ਧਵਨਿ	43.	ਸੁਭਪੰਤ ਵਰਾਲੀ .	67.	ਜਿਉਤਿ
20.	ਨਟ ਭੈਰਵੀ	44.	ਛਣਵਧਿਮਾਰਿਗਣੀ	68.	ਸਵਰੂਪਣੀ
21.	ਕੀਰਵਾਣੀ	45.	ਸੁਵਰਣਾਂਗੀ	69.	ਕੋਂਸਲ
22.	ਖਰ ਹਰ ਪ੍ਰਿਆ	46.	ਦਿਵਯ-ਮਣੀ	70.	ਧਾਤਵਰਧਨੀ
23.	ਗੋਰੀਮਨੋਹਰੀ	47.	ਧਵਲਾਵੀ	71.	ਨਾਸਿਕਾ ਨਾਟਕ ਪ੍ਰਿਆ
24.	ਮਾਨਰੰਜਨੀ	48.	ਨਾਮ ਨਾਰਾਇਣੀ	72.	ਰਸਿਕ ਪ੍ਰਿਆ

ਇਸੇ ਤਰ੍ਹਾਂ ਰਾਗ ਵਿਵੇਧ ਵਿਚ 23 ਮੇਲ ਲਿਖੇ ਹਨ।

(2) ਰਾਗ-ਰਾਗਨੀ ਵਰਗੀਕਰਣ

ਮੱਧ ਕਾਲ ਵਿਚ ਇਕ ਪਾਸੇ ਮੇਲ ਵਰਗੀਕਰਣ ਦਾ ਪ੍ਰਚਾਰ ਸੀ ਅਤੇ ਦੂਸਰੇ ਪਾਸੇ ਇਸ ਤੋਂ ਬਿਲਕੁਲ ਵੱਖਰੀ ਰਾਗ ਰਾਗਨੀ ਪੱਧਤੀ ਪ੍ਰਚਲਿਤ ਸੀ। ਇਸ ਪ੍ਰਣਾਲੀ ਵਿਚ ਸਭ ਰਾਗਾਂ ਨੂੰ 6 ਪੁਰਸ਼ ਰਾਗ, 30 ਜਾਂ 36 ਰਾਗਨੀਆਂ, ਪੁੱਤਰ ਅਤੇ ਪੁੱਤਰ-ਬੰਧੂਆਂ ਵਿਚ ਵੰਡਿਆ ਗਿਆ ਸੀ।

ਪੁੰਡਰੀਕ ਵਿੱਠਲ ਨੇ *ਰਾਗਮਾਲਾ* ਗ੍ਰੰਥ ਵਿਚ 6 ਪੁਰਸ਼ ਰਾਗ, ਹਰ ਇਕ ਰਾਗ ਦੀਆਂ 5-5 ਰਾਗਨੀਆਂ ਅਤੇ 5-5 ਪੁੱਤਰ ਮੰਨੇ ਹਨ। ਰਾਗ ਅਤੇ ਰਾਗਨੀਆਂ ਦੇ ਨਾਮ ਇਸ ਪ੍ਰਕਾਰ ਹਨ :

ਪੁੰਡਰੀਕ ਵਿੱਠਲ ਦੇ ਰਾਗ ਅਤੇ ਰਾਗਨੀਆਂ

ਲੜੀ ਨੰ:	*ਪੁਰਸ਼ ਰਾਗ*	*ਰਾਗਨੀ*	*ਰਾਗਨੀ*	*ਰਾਗਨੀ*	*ਰਾਗਨੀ*	*ਰਾਗਨੀ*
1.	ਸ਼ੁੱਧ ਭੈਰਵ	ਧਨਾਸਿਰੀ	ਭੈਰਵੀ	ਸੈਂਧਵੀ	ਮਾਰਵੀ	ਆਸਾਵਰੀ
2.	ਹਿੰਡੋਲ	ਭੂਪਾਲੀ	ਬਸੰਤੀ	ਤੋੜੀ	ਪ੍ਰਥਮ ਮੰਜਰੀ	ਤੁਰਸ਼ਕਤੋੜੀ
3.	ਦੇਸ਼ਕਾਰ	ਰਾਮ ਸ੍ਰੀ	ਬਹੁਲੀ	ਦੇਸ਼ੀ	ਜੇਤਾ ਸ੍ਰੀ	ਗੁਰਜਰੀ
4.	ਸ੍ਰੀ ਰਾਗ	ਗੌੜੀ	ਪਾਡੀ	ਗੁਣਕਰੀ	ਸ਼ੁਧਰਾਮ ਕ੍ਰੀ	ਗੁਡ ਕ੍ਰੀ
5.	ਸ਼ੁੱਧ ਨਾਟ	ਮਾਲਵ ਸ੍ਰੀ	ਦੇਸ਼ਾਕਸ਼ੀ	ਦੇਵਕੀ	ਮਧੁਮਾਧਵੀ	ਅਹੀਰੀ
6.	ਨਟ ਨਾਰਾਇਨ	ਬੇਲਾਵਲੀ	ਕਾਭੋਜੀ	ਸਾਵੇਰੀ	ਸੁਹਵੀ	ਸੋਰਾਸ਼ਟਰੀ

ਦਮੋਦਰ ਪੰਡਿਤ ਨੇ *ਸੰਗੀਤ ਦਰਪਣ* ਵਿਚ ਇਸ ਪ੍ਰਣਾਲੀ ਦੇ ਤਿੰਨ ਮਤ ਦੱਸੇ ਹਨ, ਜੋ ਇਸ ਪ੍ਰਕਾਰ ਹਨ :

(1) ਸ਼ਿਵਮਤ, 6 ਰਾਗ ਤੇ 36 ਰਾਗਨੀਆਂ

ਲੜੀ ਨੰ:	*ਰਾਗ*	*ਰਾਗਨੀ*	*ਰਾਗਨੀ*	*ਰਾਗਨੀ*	*ਰਾਗਨੀ*	*ਰਾਗਨੀ*	*ਰਾਗਨੀ*
1.	ਸ੍ਰੀ ਰਾਗ	ਮਾਲ ਸ੍ਰੀ	ਤ੍ਰਿਵੇਣੀ	ਗੌਰੀ	ਕੇਦਾਰੀ	ਮਧੁਮਾਧਵੀ	ਪਹਾੜਿਕਾ
2.	ਬਸੰਤ	ਦੇਸੀ	ਦੇਵਗਿਰੀ	ਵਰਾਟੀ	ਤੋੜਿਕਾ	ਲਲਿਤਾ	ਹਿੰਦੋਲੀ
3.	ਭੈਰਵ	ਭੈਰਵੀ	ਗੁਜਰੀ	ਰਾਮਕਿਰੀ	ਗੁਣਕਰੀ	ਬੰਗਾਲੀ	ਸੈਂਧਵੀ
4.	ਪੰਚਮ	ਵਿਭਾਸ	ਭੂਪਾਲ	ਕਰਣਾਟੀ	ਨੜਹੰਸਿਕਾ	ਮਾਲਵੀ	ਪਟਮੰਜਰੀ
5.	ਵ੍ਰਹਨਾਟ	ਕਾਮੋਦੀ	ਕਲਿਆਣੀ	ਅਮੀਰੀ	ਨਾਟਿਕਾ	ਸਾਰੰਗੀ	ਨਟਹਮੀਰ
6.	ਮੇਘ	ਮਲਹਾਰੀ	ਸੋਰਠੀ	ਸਾਵੇਰੀ	ਕੌਸ਼ਿਕੀ	ਗੰਧਾਰੀ	ਹਰਸ਼ਿਗਾਰ

ਨੋਟ: ਕਈ ਵਿਦਵਾਨ ਵ੍ਰਹਨਾਟ ਦੀ ਥਾਂ 'ਤੇ ਨਟ ਨਾਰਾਇਨ ਮੰਨਦੇ ਹਨ।

ਦੂਸਰਾ ਮਤ 6 ਰਾਗ ਅਤੇ 30 ਰਾਗਨੀਆਂ

ਲੜੀ ਨੰ:	*ਰਾਗ*	*ਰਾਗਨੀ*	*ਰਾਗਨੀ*	*ਰਾਗਨੀ*	*ਰਾਗਨੀ*	*ਰਾਗਨੀ*
1.	ਭੈਰਵ	ਬੰਗਾਲੀ	ਗੁਣਕਰੀ	ਮਧਮਾਦ	ਬਸੰਤ	ਧਨਾਸ੍ਰੀ
2.	ਪੰਚਮ	ਲਲਿਤ	ਗੁਰਜਰੀ	ਦੇਸ਼ੀ	ਵਰਾੜੀ	ਰਾਮ ਕ੍ਰੀ
3.	ਨਟ	ਨਟ ਨਾਰਾਇਨ	ਗੰਧਾਰ	ਸਾਲਗ	ਕੇਦਾਰ	ਕਣਣਾਟੀ
4.	ਮਲਹਾਰ	ਮੇਘ ਮਲਾਰਿਕਾ	ਮਾਲਕੈਸ਼ਿਕ	ਪਟਮੰਜਰੀ	ਆਸਾਵਰੀ	ਮੇਘ
5.	ਗੌੜਮਾਲਵ	ਹਿੰਦੋਲ	ਤ੍ਰਿਵਣ	ਗੰਧਾਰੀ	ਗੋਰੀ	ਪਟਹੰਸਿਕਾ
6.	ਦੇਸਾਖਯ	ਭੂਪਾਲੀ	ਕੁੜਾਲੀ	ਕਾਮੋਦੀ	ਨਾਇਕਾ	ਬੇਲਾਵਾਲੀ

(3) ਹਨੂੰਮਾਨ ਮਤ, 6 ਰਾਗ ਅਤੇ 30 ਰਾਗਨੀਆਂ

ਲੜੀ ਨੰ:	ਰਾਗ	ਰਾਗਨੀ	ਰਾਗਨੀ	ਰਾਗਨੀ	ਰਾਗਨੀ	ਰਾਗਨੀ
1.	ਭੈਰਵ	ਮਧਮਾਂਦ	ਭੈਰਵੀ	ਬੰਗਾਲੀ	ਵਰਾਟਿਕਾ	ਸੈਂਧਵੀ
2.	ਕੌਸ਼ਿਕ	ਤੋੜੀ	ਖੰਬਾਵਤੀ	ਗੌਰੀ	ਗੁਣਕਰੀ	ਕਕੁੰਭ
3.	ਹਿੰਦੋਲ	ਬੇਲਾਵਲੀ	ਰਾਮਕਿਰੀ	ਦੇਸ਼ਾਖਿਆ	ਪਟਮੰਜਰੀ	ਲਲਿਤਾ
4.	ਦੀਪਕ	ਕੇਦਾਰੀ	ਕਾਨੜਾ	ਦੇਸ਼ੀ	ਕਾਮੋਦੀ	ਨਾਇਕਾ
5.	ਸ੍ਰੀ	ਵਾਸੰਤੀ	ਮਾਲਵਾ	ਮਾਲ ਸ੍ਰੀ	ਧਨਾਸਿਰੀ	ਆਸਾਵਰੀ
6.	ਮੇਘ	ਮਲ੍ਹਾਰੀ	ਦੇਸ਼ਕਾਰੀ	ਭੁਪਾਲੀ	ਗੁਰਜਰੀ	ਟੰਕੀ

ਨੋਟ: ਕੈਸ਼ਿਕ ਦਾ ਆਧੁਨਿਕ ਨਾਮ ਮਾਲਕੌਂਸ ਹੈ।

ਮੱਧਕਾਲ ਵਿਚ ਰਾਗ-ਰਾਗਨੀ ਵਰਗੀਕਰਣ ਦਾ ਬਹੁਤ ਪ੍ਰਚਾਰ ਰਿਹਾ, ਪਰ ਮਤ ਬਹੁਤ ਹੋ ਗਏ। ਕੁਝ ਵਿਦਵਾਨਾਂ ਦੇ ਅਨੁਸਾਰ ਉਸ ਸਮੇਂ 21 ਵਰਗੀਕਰਣ ਪ੍ਰਚਾਰ ਵਿਚ ਸਨ। ਇਹਨਾਂ ਵਿੱਚੋਂ ਚਾਰ ਮਤ ਬਹੁਤ ਪ੍ਰਸਿੱਧ ਮੰਨੇ ਗਏ: (1) ਸ਼ਿਵਮਤ ਜਾਂ ਸੋਮੇਸ਼ਵਰ ਮਤ, (2) ਕ੍ਰਿਸ਼ਨ ਜਾਂ ਕੱਲੀਨਾਥ ਮਤ, (3) ਭਰਤ ਮਤ, (4) ਹਨੂੰਮਾਨ ਮਤ। ਇਹਨਾਂ ਮਤਾਂ ਵਿਚ ਮੁੱਖ 6 ਰਾਗ ਅਤੇ ਹਰ ਇਕ ਰਾਗ ਦੀਆਂ 6-6 ਜਾਂ 5-5 ਰਾਗਨੀਆਂ, 8-8 ਪੁੱਤਰ ਅਤੇ ਹੋਰ ਨੂੰਹਾਂ ਮੰਨੇ ਗਏ ਹਨ। ਸ਼ਿਵ ਅਤੇ ਕ੍ਰਿਸ਼ਨ ਮਤ ਦੇ ਮੁਖ 6 ਰਾਗ ਇੱਕੋ ਜਿਹੇ ਹਨ ਅਤੇ ਹਰ ਇਕ ਰਾਗ ਦੀਆਂ ਰਾਗਨੀਆਂ ਦੀ ਸੰਖਿਆ ਵੀ 6-6 ਹਨ। ਪਰ ਨਾਮ ਦੋਨਾਂ ਮਤਾਂ ਵਿਚ ਵੱਖਰੇ ਵੱਖਰੇ ਹਨ, ਜੋ ਕਿ ਇਸ ਪ੍ਰਕਾਰ ਹਨ:

(1) ਕ੍ਰਿਸ਼ਨ ਮਤ, 6 ਰਾਗ ਤੇ 36 ਰਾਗਨੀਆਂ

ਲੜੀ ਨੰ:	ਰਾਗ	ਰਾਗਨੀ	ਰਾਗਨੀ	ਰਾਗਨੀ	ਰਾਗਨੀ	ਰਾਗਨੀ	ਰਾਗਨੀ
1.	ਸ੍ਰੀ ਰਾਗ	ਗੌਰੀ	ਕੋਲਾਹਲ	ਧਵਲਾ	ਵਰੀਰਾਜੋ	ਮਾਲਕੌਂਸ	ਦੇਵਗੰਧਾਰ
2.	ਬਸੰਤ	ਅੰਧਾਲੀ	ਗੁਣਕਲੀ	ਪਟ ਮੰਜਰੀ	ਗੌਡਗਿਰੀ	ਧਾਨੀ	ਦੇਵਸਾਗ
3.	ਭੈਰਵ	ਭੈਰਵੀ	ਗੁਰਜਰੀ	ਬਿਲਾਵਲੀ	ਬਿਹਾਗ	ਕਰਨਾਟ	ਕ਼ਾਨੜਾ
4.	ਪੰਚਮ	ਤ੍ਰਿਵੇਣੀ	ਹਸਤੰਤਰੇਤਹਾ	ਅਹੀਰੀ	ਕਕੁੰਭ	ਬੈਰਾਗੀ	ਆਸਾਵਰੀ
5.	ਨਟ ਨਰਾਇਨ	ਤ੍ਰਿਬੰਕੀ	ਤਿਲੰਗੀ	ਪੂਰਬੀ	ਗੰਧਾਰੀ	ਰਾਮਾ	ਸਿਧਮਲ੍ਹਾਰੀ
6.	ਮੇਘ	ਬੰਗਾਲੀ	ਮਧੁਰਾ	ਕਾਮੋਦ	ਧਨਾਸ੍ਰੀ	ਦੇਵਤੀਰਥੀ	ਦਿਵਾਲੀ

(2) ਭਰਤ ਮਤ, 6 ਰਾਗ ਤੇ 30 ਰਾਗਨੀਆਂ

ਲੜੀ ਨੰ:	ਰਾਗ	ਰਾਗਨੀ	ਰਾਗਨੀ	ਰਾਗਨੀ	ਰਾਗਨੀ	ਰਾਗਨੀ
1.	ਭੈਰਵ	ਮਧੁਮਾਧਵੀ	ਲਲਿਤਾ	ਬਰਾਰੀ	ਭੈਰਵੀ	ਬਹੁਲੀ
2.	ਮਾਲਕੌਂਸ	ਗੌਰੀ	ਵਿਧਾਵਤੀ	ਤੋੜੀ	ਖੰਭਾਵਤੀ	ਕਕੁੰਭ
3.	ਹਿੰਡੋਲ	ਰਾਮਕਲੀ	ਮਾਲਵੀ	ਦੇਵਾਰੀ	ਆਸਾਵਰੀ	ਕੇਕੀ
4.	ਦੀਪਕ	ਕੇਦਾਰੀ	ਗੌਰੀ	ਰੁਦ੍ਰਾਵਤੀ	ਕਾਮੋਦ	ਗੁਜਰੀ
5.	ਸ੍ਰੀ	ਸੈਧਾਵ੍ਰੀ	ਕਾਫੀ	ਠੁਮਰੀ	ਵਿਚਿਤਰਾ	ਸੋਹਨੀ
6.	ਮੇਘ	ਮਲ੍ਹਾਰੀ	ਸਾਰੰਗਾਂ	ਦੇਸ਼ੀ	ਰਤਿ ਬਲਭ	ਕਾਨਰਾ

ਪ੍ਰਾਚੀਨ ਕਾਲ ਵਿਚ ਇਹਨਾਂ ਚਾਰਾਂ ਮਤਾਂ ਵਿੱਚੋਂ ਹਨੂੰਮਾਨ ਮਤ ਦਾ ਪ੍ਰਚਾਰ

ਜ਼ਿਆਦਾ ਰਿਹਾ ਹੈ। ਇਸ ਵਿਚ 6 ਰਾਗ, 30 ਰਾਗਨੀਆਂ, 48 ਪੁੱਤਰ ਅਤੇ 48 ਨੂੰਹਾਂ ਕੁਝ ਮਿਲਾ ਕੇ 132 ਰਾਗ ਮੰਨੇ ਜਾਂਦੇ ਹਨ।

ਸੰਨ 1813 ਵਿਚ ਪਟਨੇ ਦੇ ਮੁਹੰਮਦ ਰਜ਼ਾ ਨੇ *ਨਗਮਾਤੇ ਆਸਫ਼ੀ* ਨਾਮਕ ਪੁਸਤਕ ਵਿਚ ਪ੍ਰਚਲਿਤ ਪੱਧਤੀਆਂ ਦਾ ਖੰਡਨ ਕੀਤਾ ਤੇ ਆਪਣੀ ਇਕ ਨਵੀਂ ਪ੍ਰਣਾਲੀ 6 ਰਾਗ ਅਤੇ 36 ਰਾਗਨੀਆਂ ਦੀ ਪ੍ਰਚਲਿਤ ਕੀਤੀ, ਜਿਸ ਵਿਚ ਉਹਨਾਂ ਨੇ ਰਾਗ ਅਤੇ ਰਾਗਨੀਆਂ ਵਿਚ ਸਮਤਾਂ ਰੱਖਣ ਦੀ ਕੋਸ਼ਿਸ਼ ਜ਼ਰੂਰ ਕੀਤੀ। ਇਹ ਪੱਧਤੀ ਵੀ ਕਾਫ਼ੀ ਸਮੇਂ ਤਕ ਪ੍ਰਚਲਿਤ ਹੋ ਕੇ ਫਿਰ ਸਮਾਪਤ ਹੋ ਗਈ। ਇਸਦੀ ਰੂਪ-ਰੇਖਾ ਇਸ ਪ੍ਰਕਾਰ ਹੈ:

ਮੁਹੰਮਦ ਰਜ਼ਾ ਦੀਆਂ ਰਾਗ-ਰਾਗਨੀਆਂ

ਲੜੀ ਨੰ:	*ਰਾਗ*	*ਰਾਗਨੀ*	*ਰਾਗਨੀ*	*ਰਾਗਨੀ*	*ਰਾਗਨੀ*	*ਰਾਗਨੀ*	*ਰਾਗਨੀ*
1.	ਭੈਰਵ	ਭੈਰਵੀ	ਰਾਮਕਲੀ	ਗੁਜਰੀ	ਖਟ	ਗੰਧਾਰੀ	ਆਸਾਵਰੀ
2.	ਮਾਲਕੌਂਸ	ਬਾਗੇਸ਼ਵਰੀ	ਤੋੜੀ	ਦੇਸ਼ੀ	ਸੁਘਰਾਈ	ਸੂਰ	ਮੁਲਤਾਨੀ
3.	ਹਿੰਡੋਲ	ਪੂਰੀਆ	ਬਸੰਤ	ਲਲਿਤ	ਪੰਚਮ	ਧਨਾਸ੍ਰੀ	ਮਾਰਵਾ
4.	ਸ੍ਰੀ	ਗੋਰੀ	ਪੂਰਵੀ	ਗੌਰਾਂ	ਤ੍ਰਿਵਣ	ਮਾਲ ਸ੍ਰੀ	ਜੈਤਾ ਸ੍ਰੀ
5.	ਮੇਘ	ਮਧੁਮਾਧ	ਗੌੜ	ਸ਼ੁੱਧ ਸਾਰੰਗ	ਬੜਹੰਸ	ਸਾਮੰਤ	ਸੋਰਠੀ
6.	ਨਟ	ਛਾਇਆਨਟ	ਹਮੀਰ	ਕਲਿਆਣ	ਕੇਦਾਰ	ਬਿਹਾਗੜਾ	ਯਮਨ

ਮੁਹੰਮਦ ਰਜ਼ਾ ਦੇ ਇਸ ਵਰਗੀਕਰਣ ਵਿਚ ਰਾਗ ਅਤੇ ਉਹਨਾਂ ਦੀਆਂ ਰਾਗਨੀਆਂ ਵਿਚ ਕੁਝ ਸਮਤਾ ਜ਼ਰੂਰ ਸੀ, ਪਰ ਇਤਨਾ ਪ੍ਰਯਾਪਤ ਨਹੀਂ ਹੈ। ਸਵਰਗੀ ਭਾਤਖੰਡੇ ਜੀ ਨੇ ਵੀ ਇਸ ਨੂੰ ਸਵੀਕਾਰ ਕੀਤਾ ਹੈ।

ਰਾਗ-ਰਾਗਨੀ ਪੱਧਤੀ ਦੀ ਆਲੋਚਨਾ

ਵਰਤਮਾਨ ਦੇ ਵਿਦਵਾਨਾਂ ਨੂੰ 'ਰਾਗ-ਰਾਗਨੀ ਪੱਧਤੀ' ਵਿਚ ਬਹੁਤ ਕਮੀਆਂ ਦਿਖਾਈ ਦਿੱਤੀਆਂ। ਇਸ ਲਈ ਇਹ ਪੱਧਤੀ ਹੌਲੀ ਹੌਲੀ ਖ਼ਤਮ ਹੁੰਦੀ ਗਈ ਅਤੇ ਇਸ ਦੀ ਥਾਂ ਹੋਰ ਵਰਗੀਕਰਣ ਦਾ ਉਦਘਾਟਨ ਹੋਇਆ। ਰਾਗ-ਰਾਗਨੀ ਪੱਧਤੀ ਲਗਭਗ ਹੁਣ ਸਮਾਪਤ ਹੀ ਹੈ। ਪਰ ਕੁਝ ਪੁਰਾਤਨ ਸੰਗੀਤਕਾਰ ਇਸੇ ਵਿਭਾਜਨ ਨੂੰ ਮਾਨਤਾ ਦਿੰਦੇ ਹਨ ਅਤੇ ਇਸ ਪੱਧਤੀ ਦੇ ਹਨੂੰਮਾਨ ਮਤ ਨੂੰ ਮੰਨਦੇ ਹਨ। ਉਹਨਾਂ ਲਈ ਇਹ ਇਤਿਹਾਸਕ ਸੱਚ ਹੈ, ਜਿਸ ਦੇ ਲਈ ਵਿਗਿਆਨਕ ਸੱਚਾਈ ਦੀ ਜ਼ਰੂਰਤ ਨਹੀਂ। ਪਰ ਇਹ ਵਰਗੀਕਰਣ ਸਮੇਂ ਦੇ ਨਾਲ ਨਾਲ ਤੇਜ਼ੀ ਨਾਲ ਘੱਟ ਹੁੰਦਾ ਜਾ ਰਿਹਾ ਹੈ। ਰਾਗ-ਰਾਗਨੀ ਪੱਧਤੀ ਦੀਆਂ ਕਮੀਆਂ ਇਸ ਪ੍ਰਕਾਰ ਹਨ:

1. ਮੁੱਖ ਰਾਗ 6 ਹਨ ਅਤੇ ਹਰ ਇਕ ਰਾਗ ਦੀਆਂ 5-5 ਜਾਂ 6-6 ਰਾਗਨੀਆਂ, 8-8 ਪੁੱਤਰ ਤੇ ਨੂੰਹਾਂ ਹੀ ਕਿਉਂ ਮੰਨੀਆਂ ਗਈਆਂ। ਨਾ ਹੀ ਜ਼ਿਆਦਾ ਅਤੇ ਨਾ ਹੀ ਘੱਟ। ਰਾਗ-ਰਾਗਨੀਆਂ ਦੀ ਸੰਖਿਆ ਘੱਟ ਜਾਂ ਵੱਧ ਮੰਨੀਆਂ ਜਾ ਸਕਦੀਆਂ ਹਨ।
2. ਮੁੱਖ ਛੇ ਰਾਗਾਂ ਦੇ ਜਨਕ ਦਾ ਕੋਈ ਪਤਾ ਨਹੀਂ।
3. ਪੁੱਤਰ ਤੇ ਨੂੰਹਾਂ ਤੋਂ ਬਾਅਦ 'ਬੰਸਾਵਲੀ' ਖ਼ਤਮ ਕਿਉਂ ਹੋ ਗਈ। ਅੱਗੇ ਕਿਉਂ ਨਹੀਂ ਚੱਲੀ।
4. ਕਿਸੇ ਰਾਗ ਨੂੰ ਪੁਰਸ਼ ਅਤੇ ਕਿਸੇ ਨੂੰ ਇਸਤਰੀ ਮੰਨਣ ਦੀ ਕਸੌਟੀ ਕੀ ਸੀ।

ਇਸ ਪ੍ਰਕਾਰ ਬਹੁਤ ਸਾਰੀਆਂ ਸ਼ੰਕਾਵਾਂ ਅੱਜ ਦੇ ਜਗਿਆਸੂ ਪਾਠਕਾਂ ਦੇ ਮਨ ਵਿਚ ਉਠ ਸਕਦੀਆਂ ਹਨ। ਇਸ ਲਈ ਸਵਰਗੀ ਨਾਰਾਇਣ ਮੋਹੇਸ਼ਵਰ ਖਰੇ ਨੇ ਰਾਗਾਂਗ ਪੱਧਤੀ

ਦੀ ਰਚਨਾ ਕੀਤੀ ਅਤੇ ਸਵਰਗੀ ਵਿਸ਼ਨੂ ਨਾਰਾਇਣ ਭਾਤਖੰਡੇ ਨੇ ਥਾਟ ਪੱਧਤੀ ਦੀ ਰਚਨਾ ਕੀਤੀ। 'ਰਾਗ-ਰਾਗਨੀ ਪੱਧਤੀ' ਮੱਧ ਕਾਲ ਲਈ ਭਾਵੇਂ ਹੀ ਵਿਗਿਆਨਕ ਰਹੀ ਹੋਵੇ, ਪਰ ਆਧੁਨਿਕ ਕਾਲ ਵਿਚ ਰਾਗਾਂ ਦਾ ਸਰੂਪ ਬਦਲ ਜਾਣ ਦੇ ਕਾਰਨ ਇਹ ਪੱਧਤੀ ਅਵਿਗਿਆਨਕ ਮਾਲੂਮ ਪੈਂਦੀ ਹੈ।

3. ਆਧੁਨਿਕ ਕਾਲ

ਸ਼ੁੱਧ, ਛਾਇਆ-ਲਗ ਤੇ ਸੰਕੀਰਣ ਵਰਗੀਕਰਣ

ਆਧੁਨਿਕ ਕਾਲ ਵਿਚ ਇਹ ਵਿਭਾਜਨ ਨਾਮ-ਮਾਤਰ ਹੀ ਰਿਹਾ।

(1) ਰਾਗਾਂਗ ਵਰਗੀਕਰਣ

ਕੁਝ ਦਿਨ ਪਹਿਲੇ ਬੰਬਈ ਦੇ ਸਵਰਗੀ ਨਾਰਾਇਣ ਮੋਹੇਸ਼ਵਰ ਖਰੇ ਨੇ ਪ੍ਰਚਲਿਤ ਰਾਗਾਂ ਦਾ ਅਧਿਐਨ ਕੀਤਾ ਅਤੇ 30 ਰਾਗਾਂਗ ਦੀ ਖੋਜ ਕੀਤੀ। ਉਹਨਾਂ ਦੇ ਸ਼ਬਦਾਂ ਵਿਚ ਪ੍ਰਚਲਿਤ ਰਾਗਾਂ ਵਿੱਚੋਂ ਉਹਨਾਂ ਦੀ ਗਾਇਕੀ ਦੇ ਢੰਗ ਨਾਲ ਅਤੇ ਸੁਰ ਪ੍ਰਕ੍ਰਿਤੀ ਨਾਲ ਇਕ ਦੂਸਰੇ ਤੋਂ ਵੱਖਰੇ ਇਹੋ ਜਿਹੇ ਲਗਭਗ 30 ਰਾਗ ਨਿਕਲ ਸਕਦੇ ਹਨ। ਖਰੇ ਜੀ ਨੇ ਸਭ ਰਾਗਾਂ ਨੂੰ ਇਹਨਾਂ 30 ਰਾਗਾਂ ਦੇ ਅੰਦਰ ਵੰਡਿਆ। ਸਾਰੇ ਰਾਗਾਂ ਦਾ ਸੂਖਸ਼ਮ ਨਿਰੀਖਣ ਕਰਨ ਤੋਂ ਬਾਅਦ ਉਹਨਾਂ ਨੇ 30 ਸੁਰ ਸਮੁਦਾਇ ਚੁਣੇ। ਜਿਵੇਂ ਕਿ 'ਗ ਮ ਰੇ ਸਾ, ਗ ਮ ਰੇ ਸਾ' ਆਦਿਕ।

ਇਹ ਰਾਗ ਜਿਨ੍ਹਾਂ ਵਿਚ ਸਭ ਤੋਂ ਜ਼ਿਆਦਾ ਮੁੱਖ ਸਨ, ਉਸੇ ਨਾਮ ਨਾਲ ਉਸ ਰਾਗਾਂਗ ਨੂੰ ਪੁਕਾਰਿਆ। ਜਿਵੇਂ ਪਹਿਲੇ ਸਮੁਦਾਇ ਨੂੰ 'ਬਿਲਾਵਲ' ਅਤੇ ਦੂਸਰੇ ਨੂੰ 'ਭੈਰਵ' ਰਾਗਾਂਗ ਦੀ ਸੰਗਿਆ ਦਿੱਤੀ। ਇਸ ਵਰਗੀਕਰਣ ਵਿਚ ਸੁਰ ਸਾਮਯ ਦੀ ਤੁਲਨਾ ਵਿਚ ਸਰੂਪ ਸਾਮਯ ਦਾ ਜ਼ਿਆਦਾ ਧਿਆਨ ਰੱਖਿਆ ਗਿਆ। ਰਾਗਾਂਗ ਦੀ ਸੰਖਿਆ ਜ਼ਿਆਦਾ ਅਤੇ ਵਰਗੀਕਰਣ ਜਟਿਲ ਹੋਣ ਦੇ ਕਾਰਨ ਇਹ ਪ੍ਰਚਾਰ ਵਿਚ ਨਹੀਂ ਆ ਸਕਿਆ। ਇਹਨਾਂ ਰਾਗਾਂ ਦੇ ਗਾਉਣ ਦੀ ਪੱਧਤੀ ਦੇ ਅਨੁਸਾਰ ਦੂਸਰੇ ਰਾਗ ਗਾਉਣੇ ਚਾਹੀਦੇ ਹਨ। ਇਹਨਾਂ ਰਾਗਾਂਗ ਦੇ ਨਾਮ ਇਸ ਪ੍ਰਕਾਰ ਹਨ:

ਲੜੀ ਨੰ:	*ਨਾਮ*	*ਲੜੀ ਨੰ:*	*ਨਾਮ*	*ਲੜੀ ਨੰ:*	*ਨਾਮ*
1.	ਭੈਰਵ	11.	ਸਾਰੰਗ	21.	ਸ਼ੰਕਰਾ
2.	ਬਿਲਾਵਲ	12.	ਭੀਮਪਲਾਸੀ	22.	ਕਾਨੜਾ
3.	ਕਲਿਆਣ	13.	ਲਲਿਤ	23.	ਮਲ੍ਹਾਰ
4.	ਖਮਾਜ	14.	ਸੋਰਿਠ	24.	ਹਿੰਡੋਲ
5.	ਕਾਫੀ	15.	ਪੀਲੂ	25.	ਭੁਪਾਲੀ
6.	ਪੂਰਵੀ	16.	ਵਿਭਾਸ	26.	ਆਸਾ
7.	ਮਾਰਵਾ	17.	ਨਟ	27.	ਬਿਹਾਗ
8.	ਤੋੜੀ	18.	ਸ੍ਰੀ	28.	ਕਾਮੋਦ
9.	ਆਸਾਵਰੀ	19.	ਬਾਗੇਸਵਰੀ	29.	ਭਟਿਆਰ
10.	ਭੈਰਵੀ	20.	ਕੇਦਾਰ	30.	ਦੁਰਗਾ

(2) ਥਾਟ ਰਾਗ ਵਰਗੀਕਰਣ

ਸਵਰਗੀ 'ਭਾਤਖੰਡੇ ਜੀ' ਨੂੰ 'ਰਾਗਾਂਗ ਪੱਧਤੀ' ਨਾਲ ਸੰਤੋਖ ਨਹੀਂ ਹੋਇਆ। ਉਹਨਾਂ ਨੇ ਮੱਧਕਾਲੀਨ ਪੱਧਤੀ ਦੇ ਆਧਾਰ 'ਤੇ ਉੱਤਰੀ ਸੰਗੀਤ ਪੱਧਤੀ ਨੂੰ ਨਿਯਮ-ਬੱਧ ਕੀਤਾ। ਇਸ ਵਰਗੀਕਰਣ ਵਿਚ ਉਹਨਾਂ ਨੇ ਸੁਰ ਅਤੇ ਸਰੂਪ ਦੋਵਾਂ ਦਾ ਧਿਆਨ ਰੱਖਿਆ ਅਤੇ ਮੇਲ ਦੀ ਥਾਂ 'ਤੇ ਥਾਟ ਸ਼ਬਦ ਦਾ ਪ੍ਰਯੋਗ ਕੀਤਾ।

ਪੰਡਿਤ ਵਿਯਕੰਟ ਮੁਖੀ ਦੇ 72 ਥਾਟਾਂ ਨਾਲ ਉਹਨਾਂ ਨੂੰ ਖ਼ਾਸ ਪ੍ਰੇਰਣਾ ਮਿਲੀ। ਉਹਨਾਂ ਦੇ ਸ਼ਬਦਾਂ ਵਿਚ ਕਿ ਜੇਕਰ ਅਸੀਂ 72 ਥਾਟਾਂ ਵਿੱਚੋਂ ਉਹਨਾਂ ਥਾਟਾਂ ਨੂੰ ਚੁਣ ਲਈਏ, ਜੋ ਕਿ ਭਾਰਤ ਦੇ ਪ੍ਰਚਲਿਤ ਰਾਗਾਂ ਦੇ ਵਰਗੀਕਰਣ ਲਈ ਜ਼ਰੂਰੀ ਹਨ, ਫਿਰ ਪੂਰੀ ਪੱਧਤੀ ਤਿਆਰ ਕਰਨ ਦਾ ਯਤਨ ਕਰੀਏ।

ਇਹਨਾਂ 72 ਥਾਟਾਂ ਵਿੱਚੋਂ ਉਹਨਾਂ ਨੇ ਸਿਰਫ਼ 10 ਥਾਟ ਚੁਣੇ ਤੇ ਇਸ ਨਿਰਣੇ 'ਤੇ ਪਹੁੰਚੇ ਕਿ ਸਾਰੇ ਪ੍ਰਚਲਿਤ ਰਾਗ ਇੰਹਨਾਂ 10 ਥਾਟਾਂ ਦੇ ਅੰਦਰ ਆ ਜਾਂਦੇ ਹਨ।

ਇਹਨਾਂ ਥਾਟਾਂ ਦੇ ਨਾਮ ਇਸ ਪ੍ਰਕਾਰ ਹਨ:

ਥਾਟਾਂ ਦੇ ਨਾਮ ਅਤੇ ਸੁਰ

ਲੜੀ ਨੰ:	*ਥਾਟ ਨਾਮ*	*ਵਿਵਰਣ*	*ਸਰਗਮ*
1.	ਬਿਲਾਵਲ	ਸਾਰੇ ਸੁਰ ਸ਼ੁੱਧ	ਸਾ ਰੇ ਗ ਮ ਪ ਧ ਨੀ ਸਾਂ
2.	ਯਮਨ	ਮ ਤੀਬਰ ਬਾਕੀ ਸ਼ੁੱਧ	ਸਾ ਰੇ ਗ ਮ ਪ ਧ ਨੀ ਸਾਂ
3.	ਖਮਾਜ	ਨੀ ਕੋਮਲ, ਬਾਕੀ ਸ਼ੁੱਧ	ਸਾ ਰੇ ਗ ਮ ਪ ਧ ਨੀ ਸਾਂ
4.	ਕਾਫੀ	ਗੁ ਨੀ ਕੋਮਲ, ਬਾਕੀ ਸ਼ੁੱਧ	ਸਾ ਰੇ ਗੁ ਮ ਪ ਧ ਨੀ ਸਾਂ
5.	ਆਸਾਵਰੀ	ਗੁ ਧੁ ਨੀ ਕੋਮਲ, ਬਾਕੀ ਸ਼ੁੱਧ	ਸਾ ਰੇ ਗੁ ਮ ਪ ਧੁ ਨੀ ਸਾਂ
6.	ਭੈਰਵ	ਰੇ ਧੁ ਕੋਮਲ, ਬਾਕੀ ਸ਼ੁੱਧ	ਸਾ ਰੇ ਗ ਮ ਪ ਧੁ ਨੀ ਸਾਂ
7.	ਪੂਰਵੀ	ਰੇ ਧੁ ਕੋਮਲ, ਮ ਤੀਬਰ, ਬਾਕੀ ਸ਼ੁੱਧ	ਸਾ ਰੇ ਗ ਮ ਪ ਧੁ ਨੀ ਸਾਂ
8.	ਮਾਰਵਾ	ਰੇ ਕੋਮਲ, ਮ ਤੀਬਰ, ਬਾਕੀ ਸ਼ੁੱਧ	ਸਾ ਰੇ ਗ ਮ ਪ ਧ ਨੀ ਸਾਂ
9.	ਤੋੜੀ	ਰੇ ਗੁ ਧੁ ਕੋਮਲ, ਮ ਤੀਬਰ, ਬਾਕੀ ਸ਼ੁੱਧ	ਸਾ ਰੇ ਗੁ ਮ ਪ ਧੁ ਨੀ ਸਾਂ
10.	ਭੈਰਵੀ	ਰੇ ਗੁ ਧੁ ਨੀ ਕੋਮਲ, ਬਾਕੀ ਸ਼ੁੱਧ	ਸਾ ਰੇ ਗੁ ਮ ਪ ਧੁ ਨੀ ਸਾਂ

ਕਰਨਾਟਕੀ ਪੱਧਤੀ ਵਿਚ ਇਹਨਾਂ ਥਾਟਾਂ ਦੇ ਨਾਮ ਇਸ ਪ੍ਰਕਾਰ ਹਨ:

ਕਰਨਾਟਕੀ ਅਤੇ ਉੱਤਰੀ ਥਾਟਾਂ ਦੇ ਨਾਮ

ਲੜੀ ਨੰ:	*ਉੱਤਰੀ ਪੱਧਤੀ*	*ਕਰਨਾਟਕੀ ਪੱਧਤੀ*
1.	ਬਿਲਾਵਲ	ਧੀਰ-ਸ਼ੰਕਰਾ ਭਰਣ
2.	ਯਮਨ	ਮੇਚ-ਕਲਿਆਣੀ
3.	ਖਮਾਜ	ਹਰਕਾਭੋਜੀ
4.	ਕਾਫੀ	ਖਰ-ਹਰ-ਪ੍ਰਿਆ
5.	ਆਸਾਵਰੀ	ਨਟ ਭੈਰਵੀ
6.	ਭੈਰਵ	ਮਾਇਆ-ਮਾਲਵ ਗੌੜ
7.	ਭੈਰਵੀ	ਹਨੁਮਤ ਤੋੜੀ
8.	ਪੂਰਵੀ	ਕਾਮ-ਵਰਧਨੀ
9.	ਮਾਰਵਾ	ਗਮਨ-ਪ੍ਰਿਆ
10.	ਤੋੜੀ	ਸ਼ੁਭ-ਪੰਤ-ਵਰਾਲੀ

ਉੱਤਰੀ ਭਾਰਤ ਵਿਚ 10 ਅਤੇ ਦੱਖਣੀ ਭਾਰਤ ਵਿਚ 19 ਥਾਟ ਪ੍ਰਚਲਿਤ ਹਨ। ਇਹਨਾਂ ਥਾਟਾਂ ਦੀ ਸੰਖਿਆ ਦੇ ਵਿਸ਼ੇ 'ਤੇ ਹੁਣ ਕੁਝ ਕਮੀ ਮਾਲੂਮ ਹੋਣ ਲੱਗੀ ਹੈ। ਕਿਉਂਕਿ ਮਧੁਵੰਤੀ, ਲਲਿਤ, ਅਹੀਰ ਭੈਰਉ, ਪਟਦੀਪ, ਆਨੰਦ ਭੈਰਉ, ਆਦਿਕ ਇਹੋ ਜਿਹੇ ਕਈ ਰਾਗ ਹਨ, ਜੋ ਕਿ ਕਿਸੇ ਵੀ ਥਾਟ ਵਿਚ ਨਹੀਂ ਆਉਂਦੇ। ਇਸ ਲਈ ਇਹਨਾਂ 10 ਥਾਟਾਂ ਵਿਚ ਕਮੀ ਮਾਲੂਮ ਹੁੰਦੀ ਹੈ, ਨਹੀਂ ਤਾਂ ਅਜੋਕੇ ਯੁੱਗ ਵਿਚ ਇਹ ਪੱਧਤੀ ਬਹੁਤ ਹੀ ਉਪਯੁਕਤ ਹੁੰਦੀ।

ਵਿਯਕੰਟ ਮੁਖੀ ਦੇ 72 ਥਾਟਾਂ ਦੀ ਉਤਪਤੀ

ਸਤਾਰ੍ਹਵੀਂ ਸ਼ਤਾਬਦੀ ਵਿਚ ਦੱਖਣ ਦੇ ਪ੍ਰਸਿੱਧ ਵਿਦਵਾਨ ਪੰਡਿਤ ਵਿਯਕੰਟ ਮੁਖੀ ਨੇ ਆਪਣੇ *ਚਤੁਰਦੰਡ ਪ੍ਰਕਾਸ਼ਕਾ* ਨਾਮਕ ਗ੍ਰੰਥ ਵਿਚ ਗਣਿਤ ਅਨੁਸਾਰ ਇਕ ਸਪਤਕ ਵਿਚ ਕੁਲ 72 ਥਾਟਾਂ ਦੀ ਉਤਪਤੀ ਸਿੱਧ ਕੀਤੀ ਹੈ। ਉਹਨਾਂ ਨੇ ਆਪਣੀ ਕਿਤਾਬ ਵਿਚ ਇਹ ਵੀ ਸਿੱਧ ਕੀਤਾ ਹੈ ਕਿ ਇਕ ਥਾਟ ਵਿੱਚੋਂ ਰਾਗ ਦੀਆਂ ਜਾਤੀਆਂ ਦੇ ਆਧਾਰ 'ਤੇ ਗਣਿਤ ਅਨੁਸਾਰ 484 ਰਾਗ ਬਣ ਸਕਦੇ ਹਨ।

ਪੰਡਿਤ ਵਿਯਕੰਟ ਮੁਖੀ ਦੇ 72 ਥਾਟਾਂ ਦੀ ਉਤਪਤੀ ਸਮਝਣ ਵਾਸਤੇ ਪਹਿਲੇ ਥਾਟਾਂ ਦੇ ਨਿਯਮ ਸਮਝਣੇ ਜ਼ਰੂਰੀ ਹਨ, ਜੋ ਕਿ ਇਸ ਪ੍ਰਕਾਰ ਹਨ:

ਨਿਯਮ

1. ਥਾਟ ਵਿਚ ਹਮੇਸ਼ਾ ਸੱਤ ਸ੍ਵਰ ਹੋਣੇ ਚਾਹੀਦੇ ਹਨ।
2. ਥਾਟ ਦੇ ਸ੍ਵਰ ਕ੍ਰਮਵਾਰ ਹੋਣੇ ਚਾਹੀਦੇ ਹਨ।
3. ਥਾਟ ਵਿਚ ਕੇਵਲ ਆਰੋਹ ਦੀ ਜ਼ਰੂਰਤ ਹੁੰਦੀ ਹੈ।
4. ਥਾਟ ਵਿਚ ਰੰਜਕਤਾ ਦਾ ਹੋਣਾ ਕੋਈ ਜ਼ਰੂਰੀ ਨਹੀਂ, ਕਿਉਂਕਿ ਥਾਟ ਗਾਇਆ ਨਹੀਂ ਜਾਂਦਾ। ਇਸ ਵਾਸਤੇ ਸ਼ੁੱਧ ਅਤੇ ਵਿਕਰਤ ਰੂਪ ਦੋਨੋਂ ਇਕੱਠੇ ਆ ਸਕਦੇ ਹਨ।

ਨਿਯਮਾਂ ਨੂੰ ਵੇਖਦੇ ਹੋਏ ਅਸੀਂ ਇਹ ਕਹਿ ਸਕਦੇ ਹਾਂ ਕਿ ਨਿਯਮ ਨੰਬਰ ਦੋ ਅਤੇ ਨਿਯਮ ਚਾਰ ਵਿਚ ਵਿਰੋਧ ਹੋ ਸਕਦਾ ਹੈ, ਕਿਉਂਕਿ ਨੰਬਰ ਦੋ ਨਿਯਮ ਦੇ ਅਨੁਸਾਰ ਥਾਟ ਵਿਚ 7 ਸ੍ਵਰ ਕ੍ਰਮਾਨੁਸਾਰ ਹੋਣੇ ਚਾਹੀਦੇ ਹਨ। ਪਰ ਨਿਯਮ ਚਾਰ ਦੇ ਅਨੁਸਾਰ ਥਾਟ ਵਿਚ ਇਕ ਸ੍ਵਰ ਦੇ ਦੋ ਰੂਪ ਇਕੱਠੇ ਕਦੀ ਕਦੀ ਆ ਸਕਦੇ ਹਨ।

ਹੁਣ ਇਥੇ ਇਹ ਵੇਖਣਾ ਹੈ ਕਿ ਜੇਕਰ ਅਸੀਂ ਇਕ ਸ੍ਵਰ ਦੇ ਦੋ ਰੂਪ ਲੈ ਲਈਏ ਤਾਂ ਸਾਨੂੰ ਸੱਤ ਸ੍ਵਰਾਂ ਵਿੱਚੋਂ ਇਕ ਸ੍ਵਰ ਨੂੰ ਛੱਡਣਾ ਪਵੇਗਾ ਅਤੇ ਇਸ ਤਰ੍ਹਾਂ ਸ੍ਵਰ ਕ੍ਰਮਵਾਰ ਨਹੀਂ ਹੋ ਸਕਦੇ। ਪਰ ਇਹ ਕਠਿਨਾਈ ਪੰਡਿਤ ਵਿਯਕੰਟ ਮੁਖੀ ਦੇ ਸ੍ਵਰਾਂ ਨਾਲ ਪੈਦਾ ਨਹੀਂ ਹੁੰਦੀ, ਕਿਉਂਕਿ ਦੱਖਣੀ ਪੱਧਤੀ ਦੇ ਸ੍ਵਰਾਂ ਵਿਚ ਕੁਝ ਸ੍ਵਰਾਂ ਨੂੰ ਦੋ-ਦੋ ਨਾਮ ਨਾਲ ਪੁਕਾਰਿਆ ਜਾਂਦਾ ਹੈ, ਜਿਸ ਨਾਲ ਕ੍ਰਮਵਾਰ ਦਾ ਸਿਲਸਿਲਾ ਭੰਗ ਨਹੀਂ ਹੁੰਦਾ। ਹੁਣ ਇਹ ਜ਼ਰੂਰੀ ਹੈ ਕਿ ਅਸੀਂ ਪਹਿਲੇ ਦੱਖਣੀ ਸੰਗੀਤ ਪੱਧਤੀ ਦੇ ਸ੍ਵਰਾਂ ਨੂੰ ਸਮਝ ਲਈਏ।

ਉੱਤਰੀ ਅਤੇ ਦੱਖਣੀ ਸੁਰਾਂ ਦੀ ਤੁਲਨਾ

ਲੜੀ ਨੰ:	*ਉੱਤਰੀ ਸੁਰ*	*ਦੱਖਣੀ ਸੁਰ*
1.	ਸਾ	ਸਾ
2.	ਕੋਮਲ ਰੇ	ਸ਼ੁੱਧ ਰੇ
3.	ਸ਼ੁੱਧ ਰੇ	ਪੰਚ ਸ਼ਰੁਤੀ ਰੇ, ਜਾਂ ਸ਼ੁੱਧ ਗ,
4.	ਕੋਮਲ ਗੁ	ਖਟ ਸ਼ਰੁਤੀ ਰੇ, ਜਾਂ ਸਾਧਾਰਣ ਗ,
5.	ਸ਼ੁੱਧ ਗ	ਅੰਤਰ ਗ,
6.	ਸ਼ੁੱਧ ਮ	ਸ਼ੁੱਧ ਮ,
7.	ਤੀਬਰ ਮੰ	ਪ੍ਰੀਤਿ ਜਾਂ ਵਰਾਲੀ ਮ,
8.	ਪ	ਪ
9.	ਕੋਮਲ ਧੁ	ਸ਼ੁੱਧ ਧ
10.	ਸ਼ੁੱਧ ਧ	ਪੰਚ ਸ਼ਰੁਤੀ ਧ ਜਾਂ ਸ਼ੁੱਧ ਨੀ,
11.	ਕੋਮਲ ਨੁੀ	ਖਟ ਸ਼ਰੁਤੀ ਧ ਜਾਂ ਕੈਸ਼ਿਕ ਨੀ
12.	ਸ਼ੁੱਧ ਨੀ	ਕਾਕਲੀ ਨੀ

ਇਹਨਾਂ ਸੁਰਾਂ ਨੂੰ ਵੇਖਣ ਨਾਲ ਪਤਾ ਲੱਗਦਾ ਹੈ ਕਿ ਜੇਕਰ 'ਰੇ' ਸੁਰ ਦੇ ਦੋਨੋਂ ਰੂਪ ਆ ਜਾਂਦੇ ਹਨ ਤਾਂ ਉਹਨਾਂ ਵਿੱਚੋਂ ਪਹਿਲਾ ਸ਼ੁੱਧ 'ਰੇ' ਅਤੇ ਦੂਸਰਾ ਸ਼ੁੱਧ 'ਗ' ਹੋਵੇਗਾ। ਉਦਾਹਰਣ ਦੇ ਤੌਰ 'ਤੇ 'ਸਾ ਰੁੇ ਰੇ ਮ' ਸੁਰ ਸਾ ਸ਼ੁੱਧ ਰੇ, ਸ਼ੁੱਧ ਗ ਅਤੇ ਮ ਹੋਣਗੇ। ਸੋ ਇਸ ਪ੍ਰਕਾਰ ਇਹ ਸੁਰ ਕ੍ਰਮਵਾਰ ਰਹਿਣਗੇ।

ਪੰਡਿਤ ਵਿਯਕੰਟ ਮੁਖੀ ਨੇ ਸਪਤਕ ਦੇ 12 ਸੁਰਾਂ ਦੇ ਦੋ ਹਿੱਸੇ ਕੀਤੇ ਅਤੇ ਸਰਲਤਾ ਦੇ ਲਈ ਤੀਬਰ ਮ, ਹਟਾ ਕੇ ਉਸ ਦੀ ਥਾਂ 'ਤੇ ਤਾਰ ਸਪਤਕ ਦਾ ਸਾਂ, ਮਿਲਾਇਆ ਅਤੇ ਇਕ ਸਪਤਕ ਬਣਾ ਕੇ ਦੋ ਹਿੱਸੇ ਕੀਤੇ। ਜਿਵੇਂ 'ਸਾ ਰੁੇ ਰੇ ਗੁ ਗ ਮ, ਪ ਧੁ ਧ ਨੁੀ ਨੀ ਸਾਂ'। ਹੁਣ ਇਹਨਾਂ ਸੁਰਾਂ ਨੂੰ ਦੋ ਹਿੱਸਿਆਂ ਵਿਚ ਵੰਡ ਕੇ ਇਕ ਹਿੱਸੇ ਦਾ ਨਾਮ ਪੂਰਵਾਰਧ ਅਤੇ ਦੂਸਰੇ ਹਿੱਸੇ ਦਾ ਨਾਮ ਉੱਤਰਾਰਧ ਰੱਖਿਆ, ਜੋ ਕਿ ਇਸ ਪ੍ਰਕਾਰ ਹਨ :

ਪੂਰਵਾਰਧ	**ਉੱਤਰਾਰਧ**
ਸਾ ਰੁੇ ਰੇ ਗੁ ਗ ਮ	ਪ ਧੁ ਧ ਨੁੀ ਨੀ ਸਾਂ

ਇਹਨਾਂ ਦੋਨਾਂ ਭਾਗਾਂ ਦੇ ਮਿਸ਼ਰਣ ਨਾਲ 7 ਸੁਰ ਵਾਲੇ ਮੇਲ ਅਥਵਾ ਥਾਟ ਬਣਾਉਣੇ ਹਨ, ਕਿਉਂਕਿ ਥਾਟ ਵਿਚ 7 ਸੁਰ ਹੁੰਦੇ ਹਨ। ਹੁਣ ਜੇਕਰ ਅਸੀਂ ਚਾਰ ਸੁਰ ਪੂਰਵਾਰਧ ਅਤੇ ਚਾਰ ਸੁਰ ਉੱਤਰਾਰਧ ਦੇ ਲੈ ਕੇ ਮਿਲਾਈਏ ਤਾਂ ਸਾਡਾ ਅੱਠ ਸੁਰਾਂ ਵਾਲਾ ਥਾਟ ਤਿਆਰ ਹੋਵੇਗਾ, ਜਿਸ ਵਿਚ ਅੱਠਵਾਂ ਸੁਰ ਤਾਰ ਸਪਤਕ ਦਾ ਸਾਂ ਹੈ। ਇਸ ਪ੍ਰਕਾਰ ਤਾਰ ਸਾਂ ਨੂੰ ਛੱਡ ਕੇ 7 ਸੁਰਾਂ ਦਾ ਥਾਟ ਬਣ ਸਕੇਗਾ। ਹੁਣ ਵੇਖਣਾ ਇਹ ਹੈ ਕਿ ਉਪਰ ਲਿਖੇ 'ਪੂਰਵਾਰਧ' ਅਤੇ 'ਉੱਤਰਾਰਧ' ਦੇ 6-6 ਸੁਰਾਂ ਵਿੱਚੋਂ 4-4 ਸੁਰਾਂ ਦੇ ਕੁਲ ਕਿਤਨੇ ਸੁਰ ਸੁਰ-ਸਮੂਹ ਬਣ ਸਕਦੇ ਹਨ।

ਪੂਰਵਾਰਧ	**ਉੱਤਰਾਰਧ**
ਸਾ ਰੁੇ ਰੇ ਗੁ ਗ ਮ	ਪ ਧੁ ਧ ਨੁੀ ਨੀ ਸਾਂ

1. ਸਾ ਰੁ ਰੇ ਮ ਪ ਧੁ ਧ ਸਾਂ
2. ਸਾ ਰੁ ਗੁ ਮ ਪ ਧੁ ਨੁੀ ਸਾਂ
3. ਸਾ ਰੁ ਗ ਮ ਪ ਧੁ ਨੀ ਸਾਂ
4. ਸਾ ਰੇ ਗੁ ਮ ਪ ਧ ਨੁੀ ਸਾਂ
5. ਸਾ ਰੇ ਗ ਮ ਪ ਧ ਨੀ ਸਾਂ
6. ਸਾ ਗੁ ਗ ਮ ਪ ਨੁੀ ਨੀ ਸਾਂ

ਹੁਣ ਪੂਰਵਾਰਧ ਦੇ ਸੁਰ ਉੱਤਰਾਰਧ ਦੇ ਸੁਰਾਂ ਵਿਚ ਮਿਲਾ ਕੇ ਮੇਲ ਜਾਂ ਥਾਟ ਬਣਾਉਣਾ ਹੈ। ਪੂਰਵਾਰਧ ਦੇ 6 ਸੁਰ ਸਮੂਹਾਂ ਦੇ ਵਿਚ ਹਰ ਇਕ ਸੁਰ ਸਮੂਹ ਵਿਚ ਉੱਤਰਾਰਧ ਦੇ 6 ਸੁਰ ਸਮੂਹ ਕ੍ਰਮਵਾਰ ਜੋੜ ਦਿਆਂਗੇ। ਪੂਰਵਾਰਧ ਦੇ ਪਹਿਲੇ ਸੁਰ ਸਮੂਹ ਵਿਚ ਉੱਤਰਾਰਧ ਦੇ 6 ਸੁਰ ਸਮੂਹ ਕ੍ਰਮਵਾਰ ਜੋੜਨ ਨਾਲ ਸਾਨੂੰ 6 ਥਾਟ ਪ੍ਰਾਪਤ ਹੁੰਦੇ ਹਨ, ਜੋ ਕਿ ਇਸ ਪ੍ਰਕਾਰ ਹਨ:

6 ਥਾਟ :

1. ਸਾ ਰੁ ਰੇ ਮ ਪ ਧੁ ਧ ਸਾਂ
2. ਸਾ ਰੁ ਰੇ ਮ ਪ ਧੁ ਨੁੀ ਸਾਂ
3. ਸਾ ਰੁ ਰੇ ਮ ਪ ਧੁ ਨੀ ਸਾਂ
4. ਸਾ ਰੁ ਰੇ ਮ ਪ ਧ ਨੁੀ ਸਾਂ
5. ਸਾ ਰੁ ਰੇ ਮ ਪ ਧ ਨੀ ਸਾਂ
6. ਸਾ ਰੁ ਰੇ ਮ ਪ ਨੁੀ ਨੀ ਸਾਂ

ਇਸ ਪ੍ਰਕਾਰ ਪੂਰਵਾਰਧ ਦੇ ਬਾਕੀ ਸਮੂਹਾਂ ਵਿਚ ਉੱਤਰਾਰਧ ਦੇ 6 ਸੁਰ ਸਮੂਹ ਕ੍ਰਮਵਾਰ ਜੋੜ ਦੇਣ ਨਾਲ ਕੁਲ ਥਾਟ ਜਾਂ ਮੇਲ 6 × 6 = 36 ਥਾਟ ਬਣਨਗੇ। ਇਹ 36 ਥਾਟ ਸਾਨੂੰ ਸ਼ੁੱਧ ਮੱਧਮ ਸੁਰ ਤੋਂ ਪ੍ਰਾਪਤ ਹੋਏ ਹਨ। ਜੇਕਰ ਸ਼ੁੱਧ ਮੱਧਮ ਦੀ ਥਾਂ ਅਸੀਂ ਤੀਬਰ ਮੱਧਮ ਲਗਾ ਦੇਈਏ ਤਾਂ ਇਸ ਪ੍ਰਕਾਰ 36 ਥਾਟ ਸਾਨੂੰ ਤੀਬਰ ਮੱਧਮ ਤੋਂ ਪ੍ਰਾਪਤ ਹੋਣਗੇ। ਇਸ ਲਈ ਸ਼ੁੱਧ ਮੱਧਮ ਅਤੇ ਤੀਬਰ ਮੱਧਮ ਦੇ ਕੁਲ ਮਿਲਾ ਕੇ 36 + 36 = 72 ਥਾਟ ਉਤਪੰਨ ਹੋਏ।

ਨੋਟ: ਉਪਰੋਕਤ ਲਿਖੇ ਸੁਰ ਸਮੂਹਾਂ ਵਿੱਚੋਂ ਕੇਵਲ ਚਾਰ ਸਮੂਹ ਇਹੋ ਜਿਹੇ ਹਨ, ਜੋ ਕਿ ਹਿੰਦੁਸਤਾਨੀ ਸੰਗੀਤ ਪੱਧਤੀ ਦੇ ਅਨੁਸਾਰ ਸੁਰ ਕ੍ਰਮਵਾਰ ਨਹੀਂ ਹਨ। ਪਰ ਦੱਖਣੀ ਪੱਧਤੀ ਦੇ ਅਨੁਸਾਰ ਠੀਕ ਹੈ, ਜੋ ਕਿ ਇਸ ਪ੍ਰਕਾਰ ਹਨ:

1. ਸਾ ਰੁ ਰੇ ਮ — ਸਾ, ਸ਼ੁੱਧ ਰੇ, ਸ਼ੁੱਧ ਗ, ਮ
2. ਸਾ ਗੁ ਗ ਮ — ਸਾ ਖਟ ਸ਼ਰੁਤੀ ਰੇ, ਅੰਤਰ ਗ, ਮ
3. ਪ ਧੁ ਧ ਸਾਂ — ਪ, ਸ਼ੁੱਧ ਧ, ਸ਼ੁੱਧ ਨੀ ਸਾਂ
4. ਪ ਨੁੀ ਨੀ ਸਾਂ — ਪ, ਖਟ ਸ਼ਰੁਤੀ ਧ, ਕਾਕਲੀ ਨੀ ਸਾਂ

ਹਿੰਦੁਸਤਾਨੀ ਪੱਧਤੀ ਗਣਿਤ ਅਨੁਸਾਰ 32 ਥਾਟ

ਜਿਸ ਤਰ੍ਹਾਂ ਪੰਡਿਤ ਵਿਯਕੰਟ ਮੁਖੀ ਨੇ ਗਣਿਤ ਅਨੁਸਾਰ 72 ਥਾਟਾਂ ਦੀ ਰਚਨਾ ਕੀਤੀ ਹੈ, ਉਸੇ ਤਰ੍ਹਾਂ ਉੱਤਰੀ ਸੰਗੀਤ ਪੱਧਤੀ ਵਿਚ ਗਣਿਤ ਅਨੁਸਾਰ 32 ਥਾਟਾਂ ਦੀ

ਉਤਪਤੀ ਹੋ ਸਕਦੀ ਹੈ। ਇਸ ਦਾ ਕਾਰਨ ਇਹ ਹੈ ਕਿ ਹਿੰਦੁਸਤਾਨੀ ਪੱਧਤੀ ਦੇ ਸੁਰਾਂ ਵਿਚ ਇਹ ਵਿਸ਼ੇਸ਼ਤਾ ਨਹੀਂ ਹੈ, ਜੋ ਕਿ ਕਰਨਾਟਕੀ ਸੰਗੀਤ ਪੱਧਤੀ ਦੇ ਸੁਰਾਂ ਵਿਚ ਹੈ ਅਰਥਾਤ ਹਿੰਦੁਸਤਾਨੀ ਸੰਗੀਤ ਪੱਧਤੀ ਵਿਚ ਇਕ ਸੁਰ ਦੇ ਦੋ ਨਾਮ ਨਹੀਂ ਹਨ।

ਨਿਯਮ ਅਨੁਸਾਰ ਸੁਰਾਂ ਨੂੰ ਕ੍ਰਮਵਾਰ ਰੱਖਣ ਲਈ ਇਕ ਸੁਰ ਦੇ ਦੋਨੋਂ ਰੂਪ, ਸ਼ੁੱਧ ਅਤੇ ਵਿਕਰਤ, ਇਕੱਠੇ ਨਹੀਂ ਹੋ ਸਕਦੇ। ਇਸ ਲਈ ਇਸ ਪੱਧਤੀ ਦੇ ਅਨੁਸਾਰ ਗਣਿਤ ਦੁਆਰਾ 72 ਥਾਟ ਨਾ ਬਣ ਕੇ ਕੇਵਲ 32 ਥਾਟ ਬਣ ਸਕਦੇ ਹਨ, ਜੋ ਕਿ ਇਸ ਪ੍ਰਕਾਰ ਹਨ—ਸਪਤਕ ਦੇ ਸ਼ੁੱਧ ਮੱਧਮ ਵਾਲਾ 12, ਸੁਰਾਂ ਦਾ ਸਮੂਹ 'ਸਾ ਰੁ ਰੇ ਗੁ ਗਮ ਪ ਧੁ ਧ ਨੁ ਨੀ ਸਾਂ' ਹੈ ਅਤੇ ਇਸ ਦੇ ਦੋ ਹਿੱਸੇ ਬਣ ਸਕਦੇ ਹਨ ਅਤੇ ਇਹਨਾਂ ਦੋ ਹਿੱਸਿਆਂ ਵਿੱਚੋਂ ਸਾਨੂੰ 4 ਸੁਰ ਸਮੂਹ ਪ੍ਰਾਪਤ ਹੋ ਸਕਦੇ ਹਨ, ਜੋ ਕਿ ਇਸ ਪ੍ਰਕਾਰ ਹਨ:

	ਪੂਰਵਾਰਧ	ਉੱਤਰਾਰਧ
	ਸਾ ਰੁ ਰੇ ਗੁ ਗ ਮ	ਪ ਧੁ ਧ ਨੁ ਨੀ ਸਾਂ
1.	ਸਾ ਰੁ ਗੁ ਮ	ਪ ਧੁ ਨੁ ਸਾਂ
2.	ਸਾ ਰੁ ਗ ਮ	ਪ ਧੁ ਨੀ ਸਾਂ
3.	ਸਾ ਰੇ ਗੁ ਮ	ਪ ਧ ਨੁ ਸਾਂ
4.	ਸਾ ਰੇ ਗ ਮ	ਪ ਧ ਨੀ ਸਾਂ

ਪੂਰਵਾਰਧ ਅਤੇ ਉੱਤਰਾਰਧ ਦੇ ਸੁਰ ਸਮੂਹ ਮਿਲਾਉਣ ਨਾਲ ਸਾਨੂੰ ਕੁਲ $4 \times 4 = 16$ ਥਾਟ ਪ੍ਰਾਪਤ ਹੋਣਗੇ। ਇਹ 16 ਥਾਟ ਸ਼ੁੱਧ ਮੱਧਮ ਦੇ ਹਨ ਅਤੇ ਇਸੇ ਪ੍ਰਕਾਰ 16 ਥਾਟ ਤੀਬਰ ਮੱਧਮ ਦੇ ਹੋਣਗੇ ਅਤੇ ਕੁਲ ਮਿਲਾ ਕੇ $16 + 16 = 32$ ਥਾਟ ਪ੍ਰਾਪਤ ਹੋਣਗੇ।

ਪ੍ਰਚਲਿਤ ਥਾਟ

ਭਾਵੇਂ ਗਣਿਤ ਦੁਆਰਾ ਦੱਖਣੀ ਪੱਧਤੀ ਵਿਚ 72 ਥਾਟ ਅਤੇ ਉੱਤਰੀ ਪੱਧਤੀ ਵਿਚ 32 ਥਾਟ ਪ੍ਰਾਪਤ ਹੁੰਦੇ ਹਨ, ਪਰ ਇਹਨਾਂ ਸਭ ਥਾਟਾਂ ਨੂੰ ਦੋਨੋਂ ਪੱਧਤੀਆਂ ਵਿਚ ਮਾਨਤਾ ਨਹੀਂ ਹੈ। ਦੱਖਣੀ ਪੱਧਤੀ ਦੇ 72 ਥਾਟਾਂ ਵਿਚ ਕੇਵਲ 19 ਥਾਟ ਪ੍ਰਚਲਿਤ ਹਨ ਅਤੇ ਸਭ ਰਾਗ ਇਹਨਾਂ ਥਾਟਾਂ ਵਿਚ ਹੀ ਗਾਏ ਵਜਾਏ ਜਾਂਦੇ ਹਨ। ਇਸੇ ਪ੍ਰਕਾਰ ਉੱਤਰੀ ਸੰਗੀਤ ਪੱਧਤੀ ਵਿਚ 32 ਰਾਗਾਂ ਵਿੱਚੋਂ ਸਿਰਫ਼ 10 ਥਾਟ ਗ੍ਰਹਿਣ ਕੀਤੇ ਹਨ ਅਤੇ ਇਹਨਾਂ 10 ਥਾਟਾਂ ਦੇ ਅੰਦਰ ਹੀ ਸਭ ਰਾਗ ਗਾਏ ਵਜਾਏ ਜਾਂਦੇ ਹਨ।

ਆਧੁਨਿਕ ਸਮੇਂ ਵ੍ਰਿਚ ਇਹਨਾਂ 10 ਥਾਟਾਂ ਉੱਤੇ ਕਾਫ਼ੀ ਵਾਦ-ਵਿਵਾਦ ਚੱਲ ਰਿਹਾ ਹੈ। ਕੁਝ ਲੋਕਾਂ ਦਾ ਵਿਚਾਰ ਹੈ ਕਿ ਬਹੁਤ ਸਾਰੇ ਰਾਗ ਇਹਨਾਂ ਥਾਟਾਂ ਦੇ ਅੰਦਰ ਨਹੀਂ ਆਉਂਦੇ। ਇਸ ਲਈ ਥਾਟਾਂ ਦੀ ਗਿਣਤੀ ਵਧਾਉਣੀ ਚਾਹੀਦੀ ਹੈ। ਪਰ ਅਜੇ ਤਕ ਕੋਈ ਸੁਝਾਅ ਨਹੀਂ ਮਿਲ ਸਕਿਆ ਜੋ ਸਰਬ-ਸੰਮਤੀ ਨਾਲ ਪਾਸ ਹੋ ਸਕੇ।

ਇਸੇ ਤਰ੍ਹਾਂ ਕਰਨਾਟਕੀ ਸੰਗੀਤ ਪੱਧਤੀ ਵਿਚ ਵੀ ਵਿਯਕੰਟ ਮੁਖੀ ਦੇ ਗਣਿਤ ਦੁਆਰਾ 72 ਥਾਟ ਕੱਢੇ ਹਨ, ਪਰ ਉਹਨਾਂ ਨੂੰ ਸ਼ਾਸਤਰੀਯ ਨਹੀਂ ਕਿਹਾ ਜਾ ਸਕਦਾ। ਕੁਝ ਲੋਕ ਤਾਂ ਥਾਟ ਵਿਚ ਆਰੋਹ ਅਤੇ ਅਵਰੋਹ ਦੋਨੋਂ ਰੱਖ ਕੇ ਗਣਿਤ ਦੁਆਰਾ ਕਰਨਾਟਕੀ ਪੱਧਤੀ ਅਨੁਸਾਰ $72 \times 72 = 5184$ ਥਾਟ ਬਣਾਉਂਦੇ ਹਨ, ਪਰ ਇਹ ਸਭ ਸ਼ਾਸਤਰੀਯ ਨਹੀਂ ਹਨ। 72 ਥਾਟਾਂ ਵਿੱਚੋਂ ਕੁਲ 19 ਥਾਟ ਹੀ ਦੱਖਣੀ ਪੱਧਤੀ ਵਿਚ ਪ੍ਰਚਲਿਤ ਹਨ,

ਜਿਹਨਾਂ ਦੇ ਅੰਦਰ ਉਥੋਂ ਦੇ ਸਭ ਰਾਗ ਗਾਏ ਜਾਂਦੇ ਹਨ। 19 ਥਾਟ ਇਸ ਪ੍ਰਕਾਰ ਹਨ :

(1) ਮੁਖਾਰੀ, (2) ਭੁਪਾਲ, (3) ਸਾਮਵਰਾਲੀ, (4) ਗੌਲ, (5) ਅਹੀਰੀ, (6) ਬਸੰਤ ਭੈਰਵੀ, (7) ਸ੍ਰੀ ਰਾਗ, (8) ਭੈਰਵੀ, (9) ਕਾਂਭੋਜੀ, (10) ਸ਼ੰਕਰਾਭਰਣ, (11) ਸਾਮੰਤ, (12) ਹੇਜੁਜੀ, (13) ਨਾਟ, (14) ਸ਼ੁੱਧ ਵਰਾਲੀ, (15) ਦੇਸ਼ਾਕਸ਼ੀ, (16) ਪੰਤੁਵਰਾਲੀ, (17) ਸਿੰਹਰਵ, (18) ਸ਼ੁੱਧ ਰਾਮ ਕ੍ਰਿਆ, (19) ਕਲਿਆਣੀ, ਆਦਿਕ।

ਉਪਰੋਕਤ 19 ਥਾਟ ਹੀ ਕਰਨਾਟਕੀ ਸੰਗੀਤ ਵਿਚ ਪ੍ਰਚਲਿਤ ਹਨ।

ਇਕ ਥਾਟ ਤੋਂ 484 ਰਾਗਾਂ ਦੀ ਉਤਪਤੀ

ਸਤਾਰ੍ਹਵੀਂ ਸ਼ਤਾਬਦੀ ਵਿਚ *ਚਤੁਰਦੰਡ ਪ੍ਰਕਾਸ਼ਿਕਾ* ਨਾਮ ਦੇ ਸੰਗੀਤ ਗ੍ਰੰਥ ਵਿਚ ਪੰਡਤ ਵਿਯਕੰਟ ਮੁਖੀ ਨੇ ਇਹ ਵੀ ਸਿੱਧ ਕੀਤਾ ਹੈ ਕਿ ਇਕ ਥਾਟ ਤੋਂ ਗਣਿਤ ਦੁਆਰਾ '484' ਰਾਗਾਂ ਦੀ ਉਤਪਤੀ ਹੋ ਸਕਦੀ ਹੈ।

ਰਾਗਾਂ ਦੀ ਇਹ ਉਤਪਤੀ ਰਾਗਾਂ ਦੀਆਂ ਜਾਤੀਆਂ 'ਤੇ ਆਧਾਰਿਤ ਹੈ। ਰਾਗਾਂ ਵਿਚ ਲੱਗਣ ਵਾਲੇ ਸੁਰਾਂ ਦੀ ਵੱਖੋ-ਵੱਖ ਸੰਖਿਆ ਦੇ ਕਾਰਨ ਉਹਨਾਂ ਦੇ ਜੋ ਵੱਖੋ-ਵੱਖਰੇ ਹਿੱਸੇ ਕੀਤੇ ਗਏ ਹਨ, ਉਹਨਾਂ ਨੂੰ ਜਾਤੀਆਂ ਕਹਿੰਦੇ ਹਨ। ਰਾਗ ਵਿਚ ਜ਼ਿਆਦਾ ਤੋਂ ਜ਼ਿਆਦਾ ਸੱਤ ਸੁਰ ਅਤੇ ਘੱਟ ਤੋਂ ਘੱਟ ਪੰਜ ਸੁਰ ਲੱਗਦੇ ਹਨ, ਇਸ ਪ੍ਰਕਾਰ ਕੁਲ ਤਿੰਨ ਮੁਖ ਜਾਤੀਆਂ ਹੁੰਦੀਆਂ ਹਨ: ਸੰਪੂਰਨ, ਛਾੜਵ ਅਤੇ ਔੜਵ ਜਾਤੀ।

ਇਹ ਤਾਂ ਹੋਈਆਂ ਮੁੱਖ ਤਿੰਨ ਜਾਤੀਆਂ। ਪਰ ਰਾਗਾਂ ਵਿਚ ਆਰੋਹ ਅਤੇ ਅਵਰੋਹ ਦੋਨੋਂ ਹੁੰਦੇ ਹਨ ਅਤੇ ਇਸ ਤਰ੍ਹਾਂ ਹੁੰਦਾ ਹੈ ਕਿ ਕਿਸੇ ਰਾਗ ਦੇ ਆਰੋਹ ਵਿਚ ਸੱਤ ਸੁਰ ਅਤੇ ਅਵਰੋਹ ਵਿਚ ਘੱਟ ਸੁਰ ਲੱਗਦੇ ਹਨ। ਇਸ ਗੱਲ ਦਾ ਧਿਆਨ ਰੱਖਦੇ ਹੋਏ ਇਹਨਾਂ ਤਿੰਨਾਂ ਜਾਤੀਆਂ ਨੂੰ ਤਿੰਨ-ਤਿੰਨ ਹਿੱਸਿਆਂ ਵਿਚ ਵੰਡ ਦਿੱਤਾ ਗਿਆ, ਅਰਥਾਤ 9 ਜਾਤੀਆਂ ਹੁੰਦੀਆਂ ਹਨ, ਜੋ ਕਿ ਇਸ ਪ੍ਰਕਾਰ ਹਨ: (1) ਸੰਪੂਰਨ-ਸੰਪੂਰਨ, (2) ਸੰਪੂਰਨ- ਛਾੜਵ, (3) ਸੰਪੂਰਨ-ਔੜਵ, (4) ਛਾੜਵ-ਸੰਪੂਰਨ, (5) ਛਾੜਵ-ਛਾੜਵ, (6) ਛਾੜਵ-ਔੜਵ, (7) ਔੜਵ-ਸੰਪੂਰਨ, (8) ਔੜਵ-ਛਾੜਵ, (9) ਔੜਵ-ਔੜਵ, ਆਦਿਕ।

1. **ਸੰਪੂਰਨ-ਸੰਪੂਰਨ**—ਇਸ ਜਾਤੀ ਤੋਂ ਸਿਰਫ਼ ਇਕ ਰਾਗ ਹੀ ਪੈਦਾ ਹੋ ਸਕਦਾ ਹੈ, ਕਿਉਂਕਿ ਆਰੋਹ-ਅਵਰੋਹ ਦੋਨੋਂ ਹੀ ਸੰਪੂਰਨ ਹਨ।
2. **ਸੰਪੂਰਨ-ਛਾੜਵ**—ਇਸ ਜਾਤੀ ਤੋਂ ਕੁਲ 6 ਰਾਗ ਪੈਦਾ ਹੋ ਸਕਦੇ ਹਨ, ਕਿਉਂਕਿ ਹਰ ਇਕ ਵਿਚ ਆਰੋਹ ਤਾਂ ਸੰਪੂਰਨ ਹੋਵੇ, ਪਰ ਅਵਰੋਹ ਵਿਚ ਕ੍ਰਮਵਾਰ ਇਕ-ਇਕ ਸੁਰ ਨੂੰ ਛੱਡਦੇ ਜਾਵਾਂਗੇ। ਕੇਵਲ ਸ਼ੜਜ ਨੂੰ ਵਰਜਿਤ ਨਹੀਂ ਕਰਾਂਗੇ। ਇਸ ਪ੍ਰਕਾਰ ਕੁਲ 6 ਰਾਗ ਬਣਨਗੇ, ਜੋ ਕਿ ਇਸ ਪ੍ਰਕਾਰ ਹਨ:

1.	ਸਾ ਰੇ ਗ ਮ ਪ ਧ ਨੀ ਸਾਂ	ਸਾਂ ਧ ਪ ਮ ਗ ਰੇ ਸਾ
2.	ਸਾ ਰੇ ਗ ਮ ਪ ਧ ਨੀ ਸਾਂ	ਸਾਂ ਨੀ ਪ ਮ ਗ ਰੇ ਸਾ
3.	ਸਾ ਰੇ ਗ ਮ ਪ ਧ ਨੀ ਸਾਂ	ਸਾਂ ਨੀ ਧ ਮ ਗ ਰੇ ਸਾ
4.	ਸਾ ਰੇ ਗ ਮ ਪ ਧ ਨੀ ਸਾਂ	ਸਾਂ ਨੀ ਧ ਪ ਗ ਰੇ ਸਾ
5.	ਸਾ ਰੇ ਗ ਮ ਪ ਧ ਨੀ ਸਾਂ	ਸਾਂ ਨੀ ਧ ਪ ਮ ਰੇ ਸਾ
6.	ਸਾ ਰੇ ਗ ਮ ਪ ਧ ਨੀ ਸਾਂ	ਸਾਂ ਨੀ ਧ ਪ ਮ ਗ ਸਾ

3. **ਸੰਪੂਰਨ-ਔੜਵ**—ਇਸ ਜਾਤੀ ਦੇ ਕੁਲ 15 ਰਾਗ ਬਣ ਸਕਣਗੇ, ਕਿਉਂਕਿ ਹਰ

ਰਾਗ ਦਾ ਆਰੋਹ ਤਾਂ ਸੰਪੂਰਨ ਹੋਵੇਗਾ, ਪਰ ਅਵਰੋਹ ਵਿਚ ਹਰ ਵਾਰ ਦੋ-ਦੋ ਸੁਰਾਂ ਦੀ ਜੋੜੀ ਛੋੜਦੇ ਜਾਵਾਂਗੇ। ਸੋ ਅਵਰੋਹ ਕ੍ਰਮਵਾਰ 15 ਵਾਰ ਦੋ-ਦੋ ਸੁਰਾਂ ਦੀਆਂ ਜੋੜੀਆਂ ਇਸ ਤਰ੍ਹਾਂ ਛੋੜ ਦਿਆਂਗੇ:

(1) ਨੀਧ, (2) ਨੀਪ, (3) ਨੀਮ, (4) ਨੀਗ, (5) ਨੀਰੇ, (6) ਧਪ, (7) ਧਮ, (8) ਧਗ, (9) ਧਰੇ, (10) ਪਮ, (11) ਪਗ, (12) ਪਰੇ, (13) ਮਗ, (14) ਮਰੇ, (15) ਗਰੇ, ਆਦਿਕ।

4. **ਛਾੜਵ-ਸੰਪੂਰਨ**—ਇਸ ਜਾਤੀ ਦੇ ਕੇਵਲ 6 ਰਾਗ ਬਣ ਸਕਣਗੇ, ਕਿਉਂਕਿ ਹਰ ਇਕ ਆਰੋਹ ਵਿਚ ਇਕ-ਇਕ ਸੁਰ ਕ੍ਰਮਵਾਰ ਛੱਡਦੇ ਜਾਵਾਂਗੇ, ਪਰ ਅਵਰੋਹ ਸਭ ਦਾ ਸੰਪੂਰਨ ਰਹੇਗਾ। ਜਿਸ ਪ੍ਰਕਾਰ ਸੰਪੂਰਨ-ਛਾੜਵ ਦੇ ਰਾਗਾਂ ਦੇ ਅਵਰੋਹ ਵਿਚ ਇਕ-ਇਕ ਸੁਰ ਛੱਡੇ ਗਏ ਸਨ, ਉਸੇ ਪ੍ਰਕਾਰ ਇਸ ਜਾਤੀ ਦੇ ਰਾਗਾਂ ਦੇ ਆਰੋਹ ਵਿਚ ਇਕ-ਇਕ ਸੁਰ ਛੱਡਦੇ ਰਹਾਂਗੇ।
5. **ਛਾੜਵ-ਛਾੜਵ**—ਇਸ ਜਾਤੀ ਦੇ ਕੁਲ 6 × 6 = 36 ਬਣ ਸਕਦੇ ਹਨ, ਕਿਉਂਕਿ ਛਾੜਵ ਜਾਤੀ ਦੇ 6 ਆਰੋਹ ਅਤੇ 6 ਅਵਰੋਹ ਬਣ ਸਕਦੇ ਹਨ, ਜੋ ਕਿ ਇਸ ਪ੍ਰਕਾਰ ਹਨ:

1. ਸਾ ਰੇ ਗ ਮ ਪ ਧ ਸਾਂ	ਸਾਂ ਧ ਪ ਮ ਗ ਰੇ ਸਾ
2. ਸਾ ਰੇ ਗ ਮ ਪ ਨੀ ਸਾਂ	ਸਾਂ ਨੀ ਪ ਮ ਗ ਰੇ ਸਾ
3. ਸਾ ਰੇ ਗ ਮ ਧ ਨੀ ਸਾਂ	ਸਾਂ ਨੀ ਧ ਮ ਗ ਰੇ ਸਾ
4. ਸਾ ਰੇ ਗ ਪ ਧ ਨੀ ਸਾਂ	ਸਾਂ ਨੀ ਧ ਪ ਗ ਰੇ ਸਾ
5. ਸਾ ਰੇ ਮ ਪ ਧ ਨੀ ਸਾਂ	ਸਾਂ ਨੀ ਧ ਪ ਮ ਰੇ ਸਾ
6. ਸਾ ਗ ਮ ਪ ਧ ਨੀ ਸਾਂ	ਸਾਂ ਨੀ ਧ ਪ ਮ ਗ ਸਾ

ਹੁਣ ਇਹਨਾਂ 6 ਆਰੋਹ ਦੇ ਹਰ ਇਕ ਆਰੋਹ ਵਿਚ 6 ਛਾੜਵ ਅਵਰੋਹ ਕ੍ਰਮਵਾਰ ਜੋੜ ਦੇਵਾਂਗੇ ਅਤੇ ਇਸ ਪ੍ਰਕਾਰ ਕੁਲ 6 × 6 = 36 ਰਾਗ ਉਤਪੰਨ ਹੋਣਗੇ।
6. **ਛਾੜਵ-ਔੜਵ**—ਇਸ ਜਾਤੀ ਦੇ ਕੁਲ 6 × 15 = 90 ਰਾਗ ਬਣ ਸਕਦੇ ਹਨ, ਕਿਉਂਕਿ 6 ਰਾਗ ਆਰੋਹ ਛਾੜਵ ਦੇ ਅਤੇ 15 ਅਵਰੋਹ ਔੜਵ ਦੇ ਬਣਨਗੇ। ਹਰ ਇਕ ਆਰੋਹ ਵਿਚ 15 ਔੜਵ ਅਵਰੋਹ ਕ੍ਰਮਵਾਰ ਜੋੜ ਦੇਵਾਂਗੇ ਤਾਂ ਇਸ ਪ੍ਰਕਾਰ ਕੁਲ 6 × 15 = 90 ਰਾਗ ਬਣ ਸਕਣਗੇ।
7. **ਔੜਵ-ਸੰਪੂਰਨ**—ਇਸ ਜਾਤੀ ਦੇ ਕੁਲ 15 ਰਾਗ ਉਤਪੰਨ ਹੋ ਸਕਦੇ ਹਨ। ਕਾਰਨ ਇਹ ਹੈ ਕਿ ਆਰੋਹ ਤਾਂ 15 ਹੋ ਸਕਦੇ ਹਨ, ਪਰ ਅਵਰੋਹ ਸੰਪੂਰਨ ਹੋਣ ਨਾਲ ਕੇਵਲ ਇਕ ਬਣੇਗਾ ਅਤੇ ਇਸ ਪ੍ਰਕਾਰ ਕੁਲ 15 ਰਾਗ ਪ੍ਰਾਪਤ ਹੋ ਸਕਣਗੇ।
8. **ਔੜਵ-ਛਾੜਵ**—ਇਸ ਜਾਤੀ ਦੇ ਕੁਲ 15 × 6 = 90 ਰਾਗ ਬਣ ਸਕਦੇ ਹਨ, ਕਿਉਂਕਿ 15 ਔੜਵ ਆਰੋਹ ਦੇ ਅਤੇ 6 ਛਾੜਵ ਅਵਰੋਹ ਦੇ ਬਣ ਸਕਦੇ ਹਨ ਅਤੇ ਹਰ ਇਕ ਔੜਵ ਆਰੋਹ ਵਿਚ 6 ਛਾੜਵ ਅਵਰੋਹ ਕ੍ਰਮਵਾਰ ਜੋੜਨ ਨਾਲ ਕੁਲ ਰਾਗ 15 × 6 = 90 ਰਾਗ ਉਤਪੰਨ ਹੋਣਗੇ।
9. **ਔੜਵ-ਔੜਵ**—ਇਸ ਜਾਤੀ ਤੋਂ ਕੁਲ 15 × 15 = 225 ਰਾਗ ਬਣ ਸਕਦੇ ਹਨ। ਕਾਰਨ ਇਹ ਹੈ ਕਿ 15 ਔੜਵ ਆਰੋਹ ਹੋ ਸਕਦੇ ਹਨ ਅਤੇ 15 ਔੜਵ ਅਵਰੋਹ ਹੋ ਸਕਦੇ ਹਨ। ਹੁਣ ਜੇਕਰ ਹਰ ਇਕ ਔੜਵ ਆਰੋਹ ਵਿਚ 15 ਔੜਵ ਅਵਰੋਹ ਕ੍ਰਮਵਾਰ ਜੋੜ ਦਿਓ ਤਾਂ 15 × 15 = 225 ਰਾਗ ਬਣ ਸਕਦੇ ਹਨ।

ਇਸ ਪ੍ਰਕਾਰ ਇਕ ਸ਼ੁੱਧ ਥਾਟ ਤੋਂ 9 ਪ੍ਰਕਾਰ ਦੀਆਂ ਜਾਤੀਆਂ ਦੇ ਆਧਾਰ 'ਤੇ ਕੁਲ ਰਾਗ ਇਸ ਪ੍ਰਕਾਰ ਹਨ:

1. ਸੰਪੂਰਨ	—	ਸੰਪੂਰਨ	=	1
2. ਸੰਪੂਰਨ	—	ਛਾੜਵ	=	6
3. ਸੰਪੂਰਨ	—	ਔੜਵ	=	15
4. ਛਾੜਵ	—	ਸੰਪੂਰਨ	=	6
5. ਛਾੜਵ	—	ਛਾੜਵ	=	36
6. ਛਾੜਵ	—	ਔੜਵ	=	90
7. ਔੜਵ	—	ਸੰਪੂਰਨ	=	15
8. ਔੜਵ	—	ਛਾੜਵ	=	90
9. ਔੜਵ	—	ਔੜਵ	=	225
		ਕੁਲ ਜੋੜ	=	484 ਰਾਗ ਉਤਪੰਨ ਹੋਣਗੇ।

ਜਦ ਇਕ ਥਾਟ ਤੋਂ 484 ਰਾਗ ਉਤਪੰਨ ਹੋ ਸਕਦੇ ਹਨ ਤਾਂ ਵਿਯਕੰਟ ਮੁਖੀ ਦੇ 72 ਥਾਟਾਂ ਤੋਂ ਕੁਲ = 484 × 72 = 34848 ਰਾਗ ਉਤਪੰਨ ਹੋ ਸਕਦੇ ਹਨ।

ਇਹ ਰਾਗਾਂ ਦੀ ਸੰਖਿਆ ਗਣਿਤ ਦੁਆਰਾ ਸਿਰਫ਼ ਆਰੋਹ ਅਤੇ ਅਵਰੋਹ ਨਾਲ ਹੋ ਸਕਦੀ ਹੈ। ਇਹਨਾਂ ਰਾਗਾਂ ਤੋਂ ਇਲਾਵਾ ਬਹੁਤ ਸਾਰੇ ਇਹੋ ਜਿਹੇ ਰਾਗ ਹੁੰਦੇ ਹਨ, ਜੋ ਕੇਵਲ ਸਰੂਪ ਬਦਲਣ ਨਾਲ ਜਾਂ ਕੇਵਲ ਵਾਦੀ, ਸੰਵਾਦੀ ਬਦਲਣ ਨਾਲ ਬਣਦੇ ਹਨ। ਜਿਵੇਂ ਰਾਗ ਭੁਪਾਲੀ ਦਾ ਵਾਦੀ, ਸੰਵਾਦੀ ਬਦਲਣ ਨਾਲ ਰਾਗ ਦੇਸ਼ਕਾਰ ਬਣਦਾ ਹੈ। ਇਸ ਤਰ੍ਹਾਂ ਵੇਖਣ ਨਾਲ ਅਸੀਂ ਕਹਿ ਸਕਦੇ ਹਾਂ ਕਿ ਰਾਗਾਂ ਦੀ ਸੰਖਿਆ 34848 ਤੋਂ ਭੀ ਜ਼ਿਆਦਾ ਹੋਵੇਗੀ।

ਪਰ ਜੋ ਇਕ ਥਾਟ ਤੋਂ 484 ਰਾਗ ਗਣਿਤ ਦੁਆਰਾ ਆਰੋਹ ਅਵਰੋਹ ਕਰਨ ਨਾਲ ਬਣਦੇ ਹਨ, ਉਹਨਾਂ ਵਿੱਚੋਂ ਬਹੁਤ ਸਾਰੇ ਆਰੋਹ, ਅਵਰੋਹ ਰਾਗ ਨਹੀਂ ਕਹੇ ਜਾ ਸਕਦੇ, ਕਿਉਂਕਿ ਰਾਗ ਵਿਚ ਰੰਜਕਤਾ ਦਾ ਹੋਣਾ ਬਹੁਤ ਜ਼ਰੂਰੀ ਹੈ। ਰਾਗ ਦੀ ਪਰਿਭਾਸ਼ਾ ਵਿਚ ਵੀ ਕਿਹਾ ਗਿਆ ਹੈ ਕਿ "ਰੰਜਕੋ ਜਨ ਚਿਤਾਨਾ" ਇਸ ਲਈ ਜਿਸ ਰਾਗ ਵਿਚ ਮਧੁਰਤਾ ਜਾਂ ਮਿਠਾਸ ਨਹੀਂ ਉਹ ਰਾਗ ਨਹੀਂ ਕਿਹਾ ਜਾ ਸਕਦਾ।

ਦੂਸਰੀ ਗੱਲ ਰਾਗ ਦੇ ਨਿਯਮਾਂ ਅਨੁਸਾਰ ਮੱਧਮ ਅਤੇ ਪੰਚਮ ਇਹ ਦੋ ਸੁਰ ਰਾਗ ਵਿਚ ਇਕੱਠੇ ਵਰਜਿਤ ਨਹੀਂ ਹੋ ਸਕਦੇ, ਪਰ ਉਪਰੋਕਤ ਦਿੱਤੇ ਗਏ ਕਈ ਰਾਗਾਂ ਵਿਚ ਇਹ ਦੋਵੇਂ ਸੁਰ ਇਕੱਠੇ ਛੱਡ ਦਿੱਤੇ ਗਏ ਹਨ। ਇਸ ਨਿਯਮ ਨੂੰ ਵੇਖਦੇ ਹੋਏ ਵੀ ਬਹੁਤ ਸਾਰੇ ਰਾਗ ਨਿਯਮ ਦੇ ਵਿਰੁੱਧ ਹਨ।

ਇਸ ਲਈ ਰਾਗਾਂ ਦੇ ਨਿਯਮਾਂ ਦੇ ਅਨੁਸਾਰ ਬਹੁਤ ਸਾਰੇ ਆਰੋਹ, ਅਵਰੋਹ ਜੋ ਗਣਿਤ ਦੁਆਰਾ ਬਣਾਏ ਗਏ ਹਨ, ਉਹ ਰਾਗ ਨਹੀਂ ਕਹੇ ਜਾ ਸਕਦੇ ਅਤੇ ਇਸ ਪ੍ਰਕਾਰ ਰਾਗਾਂ ਦੀ ਗਿਣਤੀ 34848 ਤੋਂ ਬਹੁਤ ਘੱਟ ਹੋ ਜਾਵੇਗੀ। ਪ੍ਰਚਾਰ ਵਿਚ ਤਾਂ ਕੇਵਲ 250 ਜਾਂ 300 ਤੋਂ ਜ਼ਿਆਦਾ ਰਾਗ ਸੁਣਨ ਵਿਚ ਨਹੀਂ ਆਉਂਦੇ।

ਭਰਤ ਦੀ ਸਾਰਣਾ ਚਤੁਸ਼ਟਈ

ਭਰਤ ਨੇ ਆਪਣੀ ਕਿਤਾਬ *ਨਾਟਯ ਸ਼ਾਸਤਰ* ਵਿਚ ਸ਼ਰੁਤੀ ਉਪਰ ਕੀਤੇ ਗਏ ਇਕ ਪ੍ਰਯੋਗ ਦਾ ਵਰਣਨ ਕੀਤਾ ਹੈ। ਪ੍ਰਯੋਗ ਸਥੂਲ ਰੂਪ ਵਿਚ ਚਾਰ ਭਾਗਾਂ ਵਿਚ ਵੰਡਿਆ ਹੈ। ਹਰ ਇਕ ਭਾਗ ਨੂੰ ਸਾਰਣਾ ਅਤੇ ਸੰਪੂਰਨ ਪ੍ਰਯੋਗ ਨੂੰ 'ਸਾਰਣਾ ਚਤੁਸ਼ਟਈ' ਦਾ ਨਾਮ ਦਿੱਤਾ ਹੈ। ਭਰਤ ਨੇ ਗਣਿਤ ਦਾ ਆਧਾਰ ਨਹੀਂ ਲਿਆ, ਸਗੋਂ ਸੰਵਾਦ ਭਾਵ ਅਰਥਾਤ ਸ਼ੜਜ-ਪੰਚਮ ਅਤੇ ਸ਼ੜਜ-ਮੱਧਮ ਭਾਵ ਦਾ ਆਧਾਰ ਲਿਆ ਹੈ। ਉਹ ਪ੍ਰਯੋਗ ਦੀ ਹਰ ਇਕ ਸਾਰਣਾ ਵਿਚ ਇਹ ਗੱਲ ਜ਼ਰੂਰ ਵੇਖ ਲਿਆ ਕਰਦਾ ਸੀ ਕਿ ਸੰਪੂਰਨ ਸਪਤਕ ਜਿਸ ਦੇ ਵਾਸਤੇ ਉਸ ਨੇ ਗ੍ਰਾਮ ਸ਼ਬਦ ਦਾ ਪ੍ਰਯੋਗ ਕੀਤਾ ਸੀ, ਉਹ ਸੰਵਾਦ ਭਾਵ ਦੀ ਦ੍ਰਿਸ਼ਟੀ ਨਾਲ ਠੀਕ ਹੈ ਜਾਂ ਨਹੀਂ। ਉਸ ਦੇ ਗ੍ਰਾਮ ਦੀ ਇਹ ਪਹਿਲੀ ਖ਼ਾਸ ਵਿਸ਼ੇਸ਼ਤਾ ਸੀ ਕਿ ਸੰਪੂਰਨ ਗ੍ਰਾਮ ਸੰਵਾਦ ਭਾਵ ਨਾਲ ਪੂਰਨ ਹੋਵੇ।

ਸਭ ਤੋਂ ਪਹਿਲਾਂ ਉਸ ਨੇ ਦੋ ਇੱਕੋ ਜਿਹੀਆਂ ਵੀਣਾ ਲਈਆਂ। ਉਹਨਾਂ ਦੋਵਾਂ ਵੀਣਾ ਵਿਚ ਇੱਕੋ ਜਿਹੀ ਸਮਾਨਤਾ ਸੀ, ਜਿਵੇਂ : ਇੱਕੋ ਜਿਹਾ ਆਕਾਰ ਵਾਲਾ ਤੂੰਬਾ ਨਾ ਵੱਡਾ ਅਤੇ ਨਾ ਹੀ ਛੋਟਾ ਹੋਵੇ। ਤਾਰਾਂ ਇੱਕੋ ਧਾਤੂ ਦੀਆਂ ਹੋਣ ਅਤੇ ਇੱਕੋ ਹੀ ਸੁਰ ਸਪਤਕ ਵਿਚ ਦੋਨੋਂ ਵੀਣਾ ਦੇ ਸੁਰ ਬੱਧੇ ਹੋਣ ਅਤੇ ਇੱਥੋਂ ਤਕ ਕਿ ਛੇੜਨੇ ਦਾ ਕੌਣ ਅਤੇ ਸਾਰਣਾ ਪ੍ਰਯੋਗ ਵੀ ਇਕ ਹੀ ਆਦਮੀ ਦੁਆਰਾ ਹੋਵੇ।

ਉਹਨਾਂ ਦੋਵਾਂ ਵੀਣਾ ਵਿੱਚੋਂ ਇਕ ਵੀਣਾ ਨੂੰ ਸੁਰ ਕਰ ਕੇ ਪ੍ਰਮਾਣ ਵਾਸਤੇ ਵੱਖਰਾ ਰੱਖ ਦਿੱਤਾ ਅਤੇ ਉਸ ਦਾ ਨਾਮ ਧ੍ਰੁਵ ਜਾਂ ਅਚੱਲ ਵੀਣਾ ਰੱਖਿਆ ਅਤੇ ਦੂਸਰੀ ਵੀਣਾ ਉੱਤੇ ਪ੍ਰਯੋਗ ਕਰਨਾ ਸ਼ੁਰੂ ਕੀਤਾ ਅਤੇ ਉਸ ਦਾ ਨਾਮ ਅਧ੍ਰੁਵ ਜਾਂ ਚੱਲ ਵੀਣਾ ਰੱਖਿਆ। ਸੋ ਚੱਲ ਵੀਣਾ 'ਤੇ ਪ੍ਰਯੋਗ ਇਸ ਪ੍ਰਕਾਰ ਹੈ :

1. **ਪਹਿਲੀ ਸਾਰਣਾ**—ਸਭ ਤੋਂ ਪਹਿਲਾਂ ਉਹਨਾਂ ਨੇ ਦੋਵੇਂ ਵੀਣਾ ਨੂੰ ਸ਼ੜਜ ਗ੍ਰਾਮ ਦੀਆਂ ਸੁਰਾਂ ਵਿਚ ਮਿਲਾਇਆ, ਸੋ ਸ਼ੜਜ ਗ੍ਰਾਮ ਦੇ ਅਨੁਸਾਰ 'ਸਾ' ਚੌਥੀ ਸ਼ਰੁਤੀ 'ਤੇ, 'ਰੇ' 7ਵੀਂ ਸ਼ਰੁਤੀ 'ਤੇ, 'ਗ' 9ਵੀਂ ਸ਼ਰੁਤੀ 'ਤੇ, 'ਮ' 13ਵੀਂ ਸ਼ਰੁਤੀ 'ਤੇ, 'ਪ' 17ਵੀਂ ਸ਼ਰੁਤੀ 'ਤੇ, 'ਧ' 20ਵੀਂ ਸ਼ਰੁਤੀ 'ਤੇ, 'ਨੀ' 22ਵੀਂ ਸ਼ਰੁਤੀ 'ਤੇ ਸਥਾਪਿਤ ਕੀਤਾ। ਫਿਰ ਚੱਲ ਵੀਣਾ ਦੇ ਪੰਚਮ ਨੂੰ ਜੋ ਕਿ 17ਵੀਂ ਸ਼ਰੁਤੀ 'ਤੇ ਕਾਇਮ ਸੀ, ਉਸ ਨੂੰ ਇਕ ਸ਼ਰੁਤੀ ਵਿਚ ਇਤਨਾ ਨੀਵਾਂ ਕੀਤਾ, 'ਰੇ' ਨਾਲ ਸ਼ੜਜ-ਮੱਧਮ ਭਾਵ ਸਥਾਪਿਤ ਹੋ ਜਾਵੇ। ਭਰਤ ਨੇ ਸ਼ੜਜ-ਮੱਧਮ ਭਾਵ ਵਿਚ 9 ਸ਼ਰੁਤੀਆਂ ਦੀ ਦੂਰੀ ਮੰਨੀ ਹੈ। ਸੋ ਜੇਕਰ 'ਰੇ' 7ਵੀਂ ਸ਼ਰੁਤੀ 'ਤੇ ਸਥਾਪਿਤ ਹੈ ਤਾਂ ਪੰਚਮ ਨੂੰ ਇਕ ਸ਼ਰੁਤੀ ਨੀਵੇਂ ਲਾਉਣ ਨਾਲ ਪੰਚਮ 16ਵੀਂ ਸ਼ਰੁਤੀ 'ਤੇ ਆ ਗਿਆ। ਜਿਸ ਨਾਲ 'ਸਾ-ਮ' ਭਾਵ ਸਥਾਪਿਤ ਹੋ ਗਿਆ ਅਤੇ ਫਲਸਰੂਪ ਮੱਧਮ ਗ੍ਰਾਮ ਦੀ ਰਚਨਾ ਹੋ ਗਈ।
   ਇਸ ਦੇ ਬਾਅਦ ਇਸੇ ਪੰਚਮ ਨੂੰ ਸ਼ੜਜ-ਗ੍ਰਾਮ ਦਾ ਪੰਚਮ ਮੰਨ ਕੇ ਬਾਕੀ ਸਾਰੇ

ਸ੍ਵਰ ਇਕ ਇਕ ਸ਼ਰੁਤੀ ਘੱਟ ਕਰ ਦਿੱਤੇ ਅਤੇ ਚੱਲ-ਵੀਣਾ ਨੂੰ ਫਿਰ ਸ਼ੜਜ-ਗ੍ਰਾਮ ਵਿਚ ਪਰਿਵਰਤਨ ਕਰ ਦਿੱਤਾ। ਇਹਨਾਂ ਕ੍ਰਿਆਵਾਂ ਦੁਆਰਾ ਪਹਿਲੀ ਸਾਰਣਾ ਦੀ ਰਚਨਾ ਹੋਈ। ਭਰਤ ਨੇ 17ਵੀਂ ਅਤੇ 16ਵੀਂ ਸ਼ਰੁਤੀ ਦੇ ਅੰਤਰ ਨੂੰ ਪ੍ਰਮਾਣ ਸ਼ਰੁਤੀ ਕਿਹਾ ਹੈ। ਹੁਣ ਚੱਲ-ਵੀਣਾ ਦੇ ਸੱਤੇ ਸ੍ਵਰ ਕ੍ਰਮਵਾਰ 3, 6, 8, 12, 16, 19 ਅਤੇ 21ਵੀਂ ਸ਼ਰੁਤੀ 'ਤੇ ਆ ਗਏ। ਭਰਤ ਦਾ ਕਹਿਣਾ ਹੈ ਕਿ ਸ਼ੜਜ-ਗ੍ਰਾਮ ਦੇ ਪੰਚਮ ਨੂੰ ਇਕ ਸ਼ਰੁਤੀ ਨੀਵੀਂ ਲਾਉਣ ਨਾਲ ਮੱਧਮ ਗ੍ਰਾਮ ਦੇ ਪੰਚਮ ਅਤੇ ਸ਼ੜਜ-ਗ੍ਰਾਮ ਦੇ ਪੰਚਮ ਵਿਚ ਜੋ ਅੰਤਰ ਆਉਂਦਾ ਹੈ, ਉਹ ਪ੍ਰਮਾਣ ਸ਼ਰੁਤੀ ਹੈ।

2. **ਦੂਸਰੀ ਸਾਰਣਾ**—ਦੂਸਰੀ ਸਾਰਣਾ ਵਿਚ ਭਰਤ ਨੇ ਸਭ ਤੋਂ ਪਹਿਲਾਂ ਚੱਲ-ਵੀਣਾ ਦੇ ਪੰਚਮ ਨੂੰ ਇਕ ਸ਼ਰੁਤੀ ਨੀਵਾਂ ਕੀਤਾ ਅਤੇ ਉਸ ਤੋਂ ਬਾਅਦ ਉਸੇ ਪੰਚਮ ਨੂੰ ਫਿਰ ਸ਼ੜਜ-ਗ੍ਰਾਮ ਦਾ ਪੰਚਮ ਮੰਨ ਕੇ ਬਾਕੀ ਸੁਰਾਂ ਨੂੰ ਵੀ ਇਕ ਇਕ ਸ਼ਰੁਤੀ ਘੱਟ ਕਰ ਦਿੱਤਾ। ਪਹਿਲੀ ਸਾਰਣਾ ਵਿਚ ਪੰਚਮ 16ਵੀਂ ਸ਼ਰੁਤੀ 'ਤੇ ਸੀ ਅਤੇ ਹੁਣ ਦੂਸਰੀ ਸਾਰਣਾ ਵਿਚ ਪੰਚਮ 15ਵੀਂ ਸ਼ਰੁਤੀ 'ਤੇ ਆ ਗਿਆ। ਪੰਚਮ ਨੂੰ 15ਵੀਂ ਸ਼ਰੁਤੀ 'ਤੇ ਕਰਨ ਨਾਲ ਮੱਧਮ ਗ੍ਰਾਮ ਦੀ ਅਤੇ ਬਾਕੀ ਸ੍ਵਰਾਂ ਦੀ ਇਕ ਇਕ ਸ਼ਰੁਤੀ ਘੱਟ ਕਰਨ ਨਾਲ ਸ਼ੜਜ ਗ੍ਰਾਮ ਦੀ ਰਚਨਾ ਹੋਈ। ਇਸ ਦੂਸਰੀ ਸਾਰਣਾ ਤੋਂ ਬਾਅਦ ਭਰਤ ਨੇ ਦੋਨੋਂ ਵੀਣਾ ਦੇ ਸ੍ਵਰਾਂ ਦੀ ਤੁਲਨਾ ਕੀਤੀ ਤਾਂ ਵੇਖਿਆ ਕਿ ਚੱਲ-ਵੀਣਾ ਦਾ ਗੰਧਾਰ ਅਤੇ ਨਿਸ਼ਾਦ ਅਚੱਲ-ਵੀਣਾ ਦੇ ਰਿਸ਼ਭ ਅਤੇ ਧੈਵਤ ਨਾਲ ਕ੍ਰਮਵਾਰ ਮਿਲ ਗਏ ਹਨ, ਕਿਉਂਕਿ ਹੁਣ ਚੱਲ-ਵੀਣਾ ਦੇ ਸੱਤ ਸ੍ਵਰ ਕ੍ਰਮਵਾਰ 2, 5, 7, 11, 15, 18 ਅਤੇ 20ਵੀਂ ਸ਼ਰੁਤੀਆਂ 'ਤੇ ਆ ਗਏ ਹਨ।

3. **ਤੀਸਰੀ ਸਾਰਣਾ**—ਤੀਸਰੀ ਸਾਰਣਾ ਦੀ ਰਚਨਾ ਕਰਨ ਵਕਤ ਵੀ ਭਰਤ ਨੇ ਪਹਿਲੀਆਂ ਦੋ ਸਾਰਣਾਵਾਂ ਦੀ ਤਰ੍ਹਾਂ ਸਭ ਤੋਂ ਪਹਿਲਾਂ ਪੰਚਮ ਦੀ ਇਕ ਸ਼ਰੁਤੀ ਘੱਟ ਕਰ ਕੇ ਮੱਧਮ ਗ੍ਰਾਮ ਦੀ ਰਚਨਾ ਕੀਤੀ ਅਤੇ ਇਸ ਨਵੇਂ ਪੰਚਮ ਨੂੰ ਸ਼ੜਜ-ਗ੍ਰਾਮ ਦਾ ਪੰਚਮ ਮੰਨ ਕੇ ਬਾਕੀ ਸ੍ਵਰਾਂ ਦੀਆਂ ਸ਼ਰੁਤੀਆਂ ਨੂੰ ਭੀ ਸ਼ੜਜ ਪੰਚਮ ਭਾਵ ਮੰਨ ਕੇ ਪਹਿਲੀਆਂ ਸਾਰਣਾਵਾਂ ਦੇ ਅਨੁਸਾਰ ਇਕ-ਇਕ ਸ਼ਰੁਤੀ ਘੱਟ ਕਰ ਦਿੱਤਾ ਅਤੇ ਤੀਸਰੀ ਸਾਰਣਾ ਦੇ ਅੰਤ ਵਿਚ ਵੀਣਾ ਪੁਨਾ ਸ਼ੜਜ-ਗ੍ਰਾਮ ਵਿਚ ਆ ਗਈ ਅਤੇ ਸੱਤ ਸੁਰ ਕ੍ਰਮਵਾਰ 1, 4, 6, 10, 14, 17 ਅਤੇ 19ਵੀਂ ਸ਼ਰੁਤੀ 'ਤੇ ਆ ਗਏ। ਹੁਣ ਦੋਨੋਂ ਵੀਣਾ ਦੇ ਸ੍ਵਰਾਂ ਨੂੰ ਮਿਲਾ ਕੇ ਵੇਖਿਆ ਤਾਂ ਚੱਲ-ਵੀਣਾ ਦੇ 'ਰੇ' ਅਤੇ 'ਧ', ਅਚੱਲ-ਵੀਣਾ ਦੇ ਕ੍ਰਮਵਾਰ 'ਸਾ' ਅਤੇ 'ਪ' ਨਾਲ ਮਿਲ ਗਏ ਹਨ।

4. **ਚੌਥੀ ਸਾਰਣਾ**—ਪ੍ਰਯੋਗ ਦੇ ਇਸ ਅੰਤਮ ਚਰਣ ਵਿਚ ਭਰਤ ਨੇ ਬਾਕੀ ਸਾਰਣਾਵਾਂ ਦੇ ਸਮਾਨ ਸਭ ਤੋਂ ਪਹਿਲਾਂ ਪੰਚਮ ਨੂੰ ਇਕ ਸ਼ਰੁਤੀ ਘੱਟ ਕੀਤਾ ਅਤੇ ਉਸ ਤੋਂ ਬਾਅਦ ਬਾਕੀ ਸ੍ਵਰਾਂ ਨੂੰ ਵੀ ਇਕ ਇਕ ਸ਼ਰੁਤੀ ਘੱਟ ਕਰ ਦਿੱਤਾ। ਇਸ ਸਾਰਣਾ ਵਿਚ ਪੰਚਮ 13ਵੀਂ ਸ਼ਰੁਤੀ 'ਤੇ ਆ ਗਿਆ, ਕਿਉਂਕਿ ਤੀਸਰੀ ਸਾਰਣਾ ਵਿਚ ਪੰਚਮ ਚੌਧਵੀਂ ਸ਼ਰੁਤੀ 'ਤੇ ਸੀ। ਇਸ ਪ੍ਰਕਾਰ ਵਿਚ ਪ੍ਰਯੋਗ ਵਿਚ ਕੇਵਲ ਪੰਚਮ ਹੀ ਨਹੀਂ ਬਲਕਿ ਸਾਰੇ ਸ੍ਵਰ ਅਚੱਲ-ਵੀਣਾ ਦੀ ਤੁਲਨਾ ਵਿਚ ਚਾਰ ਚਾਰ ਸ਼ਰੁਤੀ ਨੀਵੇਂ ਹੋ ਗਏ।

ਚੌਥੀ ਸਾਰਣਾ ਦੀ ਕਿਰਿਆ ਤੋਂ ਬਾਅਦ ਭਰਤ ਨੇ ਅਚੱਲ-ਵੀਣਾ ਅਤੇ ਚੱਲ-ਵੀਣਾ ਦੇ ਸ੍ਵਰਾਂ ਨੂੰ ਮਿਲਾਇਆ, ਤਾਂ ਉਸਨੇ ਵੇਖਿਆ ਕਿ ਚੱਲ-ਵੀਣਾ ਪੰਚਮ, ਮੱਧਮ

ਅਤੇ ਸ਼ੜਜ ਕ੍ਰਮਵਾਰ ਅਚੱਲ-ਵੀਣਾ ਦੇ ਮੱਧਮ, ਗੰਧਾਰ ਅਤੇ ਮੰਦਰ ਨੀ ਦੇ ਨਾਲ ਮਿਲ ਗਏ ਹਨ। ਕਿਉਂਕਿ ਹੁਣ ਚੱਲ-ਵੀਣਾ ਦੇ ਸੱਤ ਸੁਰ ਕ੍ਰਮਵਾਰ 22, 3, 5, 9, 13, 16 ਅਤੇ 18ਵੀਂ ਸ਼ਰੁਤੀ 'ਤੇ ਆ ਗਏ ਹਨ।

ਭਰਤ ਦੀ ਸਾਰਣਾ ਕਰਨ ਦੀ ਪ੍ਰਕਿਰਿਆ ਬਾਰੇ ਵਿਦਵਾਨਾਂ ਦਾ ਆਪਸ ਵਿਚ ਥੋੜਾ ਮਤਭੇਦ ਹੈ, ਪਰ ਮਨੋਰਥ ਸਭ ਦਾ ਇੱਕੋ ਹੀ ਹੈ। ਆਧੁਨਿਕ ਸਮੇਂ ਵਿਚ ਭਰਤ ਦੀਆਂ ਸ਼ਰੁਤੀਆਂ ਦਾ ਮਾਨ ਗਣਿਤ ਦੁਆਰਾ ਕੱਢਿਆ ਜਾ ਚੁੱਕਿਆ ਹੈ, ਜਿਸ ਨਾਲ ਇਹ ਸਿੱਧ ਹੁੰਦਾ ਹੈ ਕਿ ਭਰਤ ਦੀਆਂ ਸ਼ਰੁਤੀਆਂ ਸਮਾਨ ਦੂਰੀ 'ਤੇ ਨਹੀਂ ਹਨ, ਕਿਉਂਕਿ ਉਸਦੇ ਸੁਰ ਸਪਤਕ ਵਿਚ ਤਿੰਨ ਪ੍ਰਕਾਰ ਦੀਆਂ ਸ਼ਰੁਤੀਆਂ ਮਿਲਦੀਆਂ ਹਨ। ਪਹਿਲੀ ਪ੍ਰਕਾਰ ਦੀ ਸ਼ਰੁਤੀ ਦਾ ਗੁਣਾਂਤਰ $\frac{81}{80}$ ਜਾਂ 5 ਸੇਵਰਟ ਹੈ। ਦੂਸਰੀ ਪ੍ਰਕਾਰ ਦਾ ਸ਼ਰੁਤੀ ਦਾ ਗੁਣਾਂਤਰ $\frac{256}{243}$ ਜਾਂ 23 ਸੇਵਰਟ ਹੈ। ਤੀਸਰੇ ਪ੍ਰਕਾਰ ਦੀ ਸ਼ਰੁਤੀ ਦਾ ਗੁਣਾਂਤਰ $\frac{25}{28}$ ਜਾਂ 18 ਸਵਰਟ ਹੈ।

ਪਹਿਲੀ ਸਾਰਣਾ ਦੀਆਂ ਸ਼ਰੁਤੀਆਂ ਦਾ ਮਾਨ 5 ਸੇਵਰਟ ਜਾਂ ਇਕ ਕੌਮਾ ਹੁੰਦਾ ਹੈ। ਦੂਸਰੀ ਸਾਰਣਾ ਦੀਆਂ ਸ਼ਰੁਤੀਆਂ ਦਾ ਮਾਨ 23 ਸੇਵਰਟ ਹੈ। ਤੀਸਰੀ ਸਾਰਣਾ ਦੀਆਂ ਸ਼ਰੁਤੀਆਂ ਦਾ ਮਾਨ 18 ਸੇਵਰਟ ਹੈ ਅਤੇ ਚੌਥੀ ਸਾਰਣਾ ਦੀਆਂ ਸ਼ਰੁਤੀਆਂ ਦਾ ਮਾਨ ਫਿਰ 5 ਸੇਵਰਟ ਹੈ। ਇਸ ਦ੍ਰਿਸ਼ਟੀ ਨਾਲ ਚਾਰ ਸ਼ਰੁਤੀਆਂ ਦਾ ਅੰਤਰਾਲ 51 ਸੇਵਰਟ ਦੇ, ਤਿੰਨ ਸ਼ਰੁਤੀਆਂ ਦਾ ਅੰਤਰਾਲ 46 ਸੇਵਰਟ ਦੇ ਅਤੇ ਦੋ ਸ਼ਰੁਤੀਆਂ ਦਾ ਅੰਤਰਾਲ 28 ਸੇਵਰਟ ਦੇ ਬਰਾਬਰ ਹੈ।

ਸਾਰੰਗ ਦੇਵ ਦੀ ਸਾਰਣਾ ਪ੍ਰਕਿਰਿਆ

ਪੰਡਿਤ ਸਾਰੰਗ ਦੇਵ ਨੇ ਵੀ ਆਪਣੇ ਪ੍ਰਸਿੱਧ ਗ੍ਰੰਥ *ਸੰਗੀਤ ਰਤਨਾਕਰ* ਵਿਚ ਸਾਰਣਾ ਪ੍ਰਕਿਰਿਆ ਦਾ ਵਰਣਨ ਕੀਤਾ ਹੈ। ਉਸ ਨੇ ਭਰਤ ਤੋਂ ਵੱਖਰਾ ਹੋ ਕੇ ਦੋਨੋਂ ਵੀਣਾ ਵਿਚ 22-22 ਤਾਰ ਬੰਨ੍ਹੇ, ਅਤੇ ਇਹਨਾਂ ਤਾਰਾਂ ਨੂੰ ਇਸ ਪ੍ਰਕਾਰ ਰੱਖਿਆ ਕਿ ਹਰ ਅਗਲਾ ਤਾਰ ਆਪਣੇ ਪਿਛਲੇ ਤਾਰ ਤੋਂ ਥੋੜਾ ਉੱਚਾ ਹੋਵੇ ਅਤੇ ਉਸ ਦੇ ਵਿਚ ਕੋਈ ਹੋਰ ਧਵਨੀ ਸੁਣਾਈ ਨਾ ਦੇਵੇ। ਇਸ ਨੂੰ ਉਸ ਨੇ ਪ੍ਰਮਾਣ ਸ਼ਰੁਤੀ ਕਿਹਾ।

ਇਸ ਪ੍ਰਕਾਰ 22 ਤਾਰਾਂ ਨੂੰ ਸੁਰ-ਬੱਧ ਕਰਨ ਪਿੱਛੋਂ ਚੌਥੇ ਤਾਰ 'ਤੇ 'ਸਾ', ਸਤਵੇਂ ਤਾਰ 'ਤੇ 'ਰੇ', ਨੌਵੇਂ ਤਾਰ 'ਤੇ 'ਗ', ਤੇਰ੍ਹਵੇਂ ਤਾਰ 'ਤੇ 'ਮ', ਸਤਾਰ੍ਹਵੇਂ ਤਾਰ 'ਤੇ 'ਪ', ਵੀਹਵੇਂ ਤਾਰ 'ਤੇ 'ਧ' ਅਤੇ ਬਾਈਵੇਂ ਤਾਰ 'ਤੇ 'ਨੀ' ਤਾਰ ਦੀ ਸਥਾਪਨਾ ਕੀਤੀ ਅਤੇ ਇਸ ਨੂੰ ਸ਼ੜਜ-ਗ੍ਰਾਮ ਦੀ ਉਪਾਧੀ ਦਿੱਤੀ। ਇਸ ਤੋਂ ਬਾਅਦ ਉਸ ਨੇ ਅਚੱਲ-ਵੀਣਾ ਨੂੰ ਪ੍ਰਮਾਣ ਵਾਸਤੇ ਵੱਖਰਾ ਰੱਖ ਦਿੱਤਾ ਅਤੇ ਚੱਲ-ਵੀਣਾ ਉੱਤੇ ਭਰਤ ਦੀ ਤਰ੍ਹਾਂ ਪ੍ਰਯੋਗ ਸ਼ੁਰੂ ਕੀਤਾ ਅਤੇ ਉਸ ਨੇ 22 ਸ਼ਰੁਤੀਆਂ ਨੂੰ ਸਿੱਧ ਕਰਨ ਦੀ ਕੋਸ਼ਿਸ਼ ਕੀਤੀ।

ਪਰ ਜਦ '22' ਸ਼ਰੁਤੀਆਂ ਪਹਿਲਾਂ ਤੋਂ ਹੀ ਕਾਇਮ ਕਰ ਲਈਆਂ ਸਨ, ਤਾਂ ਫਿਰ ਉਹਨਾਂ ਨੂੰ ਸਿੱਧ ਕਰਨ ਦਾ ਸਵਾਲ ਹੀ ਨਹੀਂ ਉਠਦਾ। ਭਰਤ ਦੁਆਰਾ ਦੱਸੇ ਗਏ ਸਾਰਣਾ ਪ੍ਰਕਿਰਿਆ ਕਰਨ ਨਾਲ ਭਾਵੇਂ '22' ਸ਼ਰੁਤੀਆਂ ਪ੍ਰਤੱਖ ਹੋ ਜਾਂਦੀਆਂ ਹਨ, ਪਰ '22' ਸ਼ਰੁਤੀਆਂ ਇਕੱਠੀਆਂ ਪ੍ਰਾਪਤ ਨਹੀਂ ਹੁੰਦੀਆਂ। ਇਕ ਸਾਰਣਾ ਤੋਂ ਦੂਸਰੀ ਸਾਰਣਾ ਵਿਚ ਜਾਣ ਨਾਲ ਪਹਿਲੀ ਸਾਰਣਾ ਦੇ ਸੁਰ ਗ਼ਾਇਬ ਹੋ ਜਾਂਦੇ ਹਨ। ਸ਼ਾਇਦ ਇਸੇ ਕਾਰਨ-ਵੱਸ ਸਾਰੰਗ ਦੇਵ ਨੇ '22' ਤਾਰ ਬੰਨ੍ਹੇ ਅਤੇ ਉਹਨਾਂ ਨੂੰ ਇਕੱਠਿਆਂ ਦਰਸ਼ਨ ਕਰਨ ਦੀ ਕੋਸ਼ਿਸ਼ ਕੀਤੀ।

ਕੀ ਸ਼ਰੁਤੀਆਂ ਸਮਾਨ ਅੰਤਰ 'ਤੇ ਹਨ ?

ਹੁਣ ਸਵਾਲ ਇਹ ਉਠਦਾ ਹੈ ਕਿ '22' ਸ਼ਰੁਤੀਆਂ ਸਮਾਨ ਦੂਰੀ 'ਤੇ ਫੈਲੀਆਂ ਹੋਈਆਂ ਹਨ ਜਾਂ ਕਿ ਅਸਮਾਨ ਦੂਰੀ 'ਤੇ ?

ਪ੍ਰਾਚੀਨ ਕਾਲ ਤੋਂ ਅੱਜ ਤਕ ਸੰਗੀਤ ਦੇ ਸਾਰੇ ਵਿਦਵਾਨਾਂ ਦੇ ਸਾਹਮਣੇ ਇਹੀ ਸਮੱਸਿਆ ਰਹੀ ਹੈ ਅਤੇ ਭਰਤ ਨੇ ਵੀ ਇਸੀ ਸਮੱਸਿਆ ਨੂੰ ਅਨੁਭਵ ਕੀਤਾ ਸੀ। ਪੱਛਮੀ ਵਿਦਵਾਨਾਂ ਨੇ ਵੀ ਇਸ ਉੱਤੇ ਕਾਫ਼ੀ ਖੋਜ-ਬੀਨ ਕੀਤੀ ਹੈ। ਸੋ ਸਾਰੇ ਪੱਛਮੀ ਵਿਦਵਾਨ ਅਸਮਾਨ ਦੂਰੀ ਦੇ ਪੱਖ ਵਿਚ ਹਨ। ਪੱਛਮੀ ਵਿਦਵਾਨਾਂ ਨੇ ਭਰਤ ਦੀ ਚਤੁਸ਼ਰੁਤੀ ਨੂੰ ਮੇਜਰ ਟੋਨ $\frac{9}{8}$, ਤ੍ਰਿਸ਼ਰੁਤੀਕਿ ਨੂੰ ਮਾਈਨਰ ਟੋਨ $\frac{10}{9}$ ਅਤੇ ਦੋ ਸ਼ਰੁਤੀਕ ਨੂੰ ਸੇਮੀਟੋਨ $\frac{16}{15}$ ਮੰਨਿਆ ਹੈ।

ਭਰਤ ਨੇ ਗ੍ਰਾਮ ਦੇ ਸੁਰਾਂ ਦੀ ਸਥਾਪਨਾ ਕਰ ਕੇ ਸਾਰਣਾ ਪ੍ਰਕਿਰਿਆ ਦੁਆਰਾ '22'

ਸ਼ਰੁਤੀਆਂ ਪ੍ਰਾਪਤ ਕੀਤੀਆਂ ਅਤੇ ਪ੍ਰਮਾਣ ਸ਼ਰੁਤੀ ਕੱਢੀ ਹੈ, ਪਰ ਸਾਰੰਗ ਦੇਵ ਨੇ ਪਹਿਲਾਂ '22' ਸ਼ਰੁਤੀਆਂ ਦੀ ਸਥਾਪਨਾ ਕੀਤੀ ਅਤੇ ਫਿਰ ਉਹਨਾਂ ਵਿੱਚੋਂ ਸੁਰਾਂ ਦੀ ਜਗ੍ਹਾ ਕੱਢੀ। ਇਸ ਪ੍ਰਕਾਰ ਭਰਤ ਨੇ ਸੁਰ ਵੀਣਾ ਦੇ ਦੁਆਰਾ '22' ਸ਼ਰੁਤੀਆਂ ਨੂੰ ਪ੍ਰਾਪਤ ਕੀਤਾ ਅਤੇ ਸਾਰੰਗ ਦੇਵ ਨੇ ਸ਼ਰੁਤੀ ਵੀਣਾ ਉੱਤੇ ਸੁਰਾਂ ਦਾ ਮਾਨ ਕੱਢਿਆ।

ਦੋਹਾਂ ਦੀ ਸਾਰਣਾ ਪ੍ਰਕਿਰਿਆ ਤੋਂ ਸਾਨੂੰ ਇਹੋ ਹੀ ਪ੍ਰਾਪਤ ਹੁੰਦਾ ਹੈ ਕਿ ਭਰਤ ਦੀ ਪੱਧਤੀ ਵਿਚ ਸ਼ਰੁਤੀਆਂ ਦਾ ਸਮਾਨ ਹੋਣਾ ਜ਼ਰੂਰੀ ਨਹੀਂ ਹੈ, ਪਰ ਸਾਰੰਗ ਦੇਵ ਨੇ ਨਿਸ਼ਚਿਤ ਹੀ ਸ਼ਰੁਤੀਆਂ ਨੂੰ ਸਮਾਨ ਮੰਨਿਆ ਹੈ। ਇਸ ਲਈ ਅਸਮਾਨ ਵਾਦੀ ਦੇ ਆਧਾਰ ਭਰਤ ਹਨ ਅਤੇ ਸਮਾਨ ਵਾਦੀ ਦੇ ਆਧਾਰ ਸਾਰੰਗ ਦੇਵ ਹਨ।

ਪਰ ਇਸ ਵਿਸ਼ੇ 'ਤੇ ਵੀ ਵਿਦਵਾਨਾਂ ਦਾ ਇਕ ਮੱਤ ਨਹੀਂ ਹੈ, ਭਾਤਖੰਡੇ ਜੀ ਨੇ ਇਹ ਸਿੱਧ ਕੀਤਾ ਹੈ ਕਿ ਭਰਤ ਦੀਆਂ ਸ਼ਰੁਤੀਆਂ ਸਮਾਨ ਸਨ। ਅਰਥਾਤ ਹਰ ਇਕ ਦੋ ਨਿਕਟਵਰਤੀ ਸ਼ਰੁਤੀ ਦਾ ਅੰਤਰ ਬਰਾਬਰ ਸੀ। ਉਹਨਾਂ ਦਾ ਕਹਿਣਾ ਹੈ ਕਿ ਜੇਕਰ ਸ਼ਰੁਤੀਆਂ ਸਮਾਨ ਨਾ ਹੁੰਦੀਆਂ ਤਾਂ ਚਤੁਸ਼ਟਈ ਦਾ ਪ੍ਰਯੋਗ ਕਦੀ ਵੀ ਠੀਕ ਪ੍ਰਕਾਰ ਨਾਲ ਪੂਰਾ ਹੁੰਦਾ, ਜਿਵੇਂ ਕਿ :

ਚੱਲ-ਵੀਣਾ ਵਿਚ ਪੰਚਮ ਮੂਲ ਰੂਪ 'ਤੇ ਸਤਾਰ੍ਹਵੀਂ ਸ਼ਰੁਤੀ 'ਤੇ ਸੀ। ਪਹਿਲੀ ਸਾਰਣਾ ਵਿਚ ਸੋਲ੍ਹਵੀਂ ਸ਼ਰੁਤੀ ਉੱਤੇ, ਦੂਸਰੀ ਵਿਚ ਪੰਦਰ੍ਹਵੀਂ ਸ਼ਰੁਤੀ ਉੱਤੇ, ਤੀਸਰੀ ਵਿਚ ਚੌਧਵੀਂ ਉੱਤੇ, ਅਤੇ ਚੌਥੀ ਵਿਚ ਤੇਰ੍ਹਵੀਂ ਸ਼ਰੁਤੀ ਉੱਤੇ ਪੰਚਮ ਸਥਾਪਿਤ ਹੋਇਆ। ਜੇਕਰ ਸ਼ਰੁਤੀਆਂ ਸਮਾਨ ਨਾ ਹੁੰਦੀਆਂ ਤਾਂ ਕਿਸ ਪ੍ਰਕਾਰ ਪ੍ਰਹਿਲੀ, ਦੂਸਰੀ, ਤੀਸਰੀ ਅਤੇ ਚੌਥੀ ਸਾਰਣਾ ਵਿਚ ਕ੍ਰਮਵਾਰ 16, 15, 14 ਅਤੇ 13ਵੀਂ ਸ਼ਰੁਤੀ ਉੱਤੇ ਪੰਚਮ ਆਉਂਦਾ।

ਦੂਸਰੇ, ਭਰਤ ਨੇ ਦੂਸਰੀ ਸਾਰਣਾ ਦੇ ਬਾਅਦ ਇਹ ਦੱਸਿਆ ਕਿ ਚੱਲ-ਵੀਣਾ ਦਾ ਗੰਧਾਰ ਅਤੇ ਨਿਸ਼ਾਦ ਅਚੱਲ-ਵੀਣਾ ਦੇ ਕ੍ਰਮਵਾਰ 'ਰੇ' ਅਤੇ 'ਧ' ਨਾਲ ਮਿਲ ਗਏ ਹਨ। ਇਸੇ ਪ੍ਰਕਾਰ ਤੀਸਰੀ ਸਾਰਣਾ ਦੇ ਅੰਤ ਵਿਚ ਚੱਲ-ਵੀਣਾ ਦੇ 'ਰੇ' ਅਤੇ 'ਧ' ਅਚੱਲ-ਵੀਣਾ ਦੇ 'ਸਾ' ਅਤੇ 'ਪ' ਨਾਲ, ਅਤੇ ਚੌਥੀ ਸਾਰਣਾ ਦੇ ਬਾਅਦ ਭਰਤ ਨੇ ਦੱਸਿਆ ਕਿ ਪੰਚਮ 13ਵੀਂ ਸ਼ਰੁਤੀ 'ਤੇ ਆ ਗਿਆ, ਜੋ ਕਿ ਅਚੱਲ-ਵੀਣਾ ਦਾ ਮੱਧਮ ਸੀ।

ਇਤਨਾ ਹੀ ਨਹੀਂ ਚੱਲ-ਵੀਣਾ ਦਾ ਮੱਧਮ ਅਤੇ ਸ਼ੜਜ ਵੀ ਕ੍ਰਮਵਾਰ ਅਚੱਲ-ਵੀਣਾ ਦੇ ਗੰਧਾਰ ਅਤੇ ਮੰਦਰ ਨਿਸ਼ਾਦ ਦੇ ਨਾਲ ਮਿਲ਼ ਗਏ। ਇਹਨਾਂ ਉਦਾਹਰਣਾਂ ਦੇ ਆਧਾਰ 'ਤੇ ਭਾਤਖੰਡੇ ਜੀ ਨੇ ਇਹ ਸਿੱਧ ਕੀਤਾ ਕਿ ਭਰਤ ਦੀਆਂ ਸ਼ਰੁਤੀਆਂ ਸਮਾਨ ਸਨ।

ਪਰ ਕੁਛ ਵਿਦਵਾਨਾਂ ਨੇ ਇਸ ਮੱਤ ਦੀ ਪੁਸ਼ਟੀ ਕੀਤੀ ਹੈ ਅਤੇ ਕੁਛ ਵਿਦਵਾਨਾਂ ਨੇ ਇਸ ਦਾ ਖੰਡਨ ਕੀਤਾ ਹੈ। ਪੂਨੇ ਦੇ ਫ਼ਿਰੋਜ਼ਫ਼ਾਮ ਨੇ ਇਸ ਦਾ ਖੰਡਨ ਕੀਤਾ ਹੈ ਅਤੇ ਸੰਗੀਤ ਮਾਰਤੰਡ ਪੰਡਿਤ ਓਮਕਾਰ ਨਾਥ ਠਾਕੁਰ ਨੇ ਵੀ ਆਪਣੀ ਪੁਸਤਕ *ਪ੍ਰਣਵ ਭਾਰਤੀ* ਵਿਚ ਭਾਤਖੰਡੇ ਜੀ ਦੇ ਮਤ ਦਾ ਖੰਡਨ ਕੀਤਾ ਅਤੇ ਇਹ ਸਿੱਧ ਕੀਤਾ ਕਿ ਭਰਤ ਦੀਆਂ ਸ਼ਰੁਤੀਆਂ ਸਮਾਨ ਨਹੀਂ ਸਨ। ਉਹਨਾਂ ਦੇ ਸ਼ਬਦਾਂ ਵਿਚ ਤਰਕ ਕਰਨ ਵਾਲੇ ਭਰਤ ਦੀ ਪ੍ਰਮਾਣ ਸ਼ਰੁਤੀ ਨੂੰ ਲੈ ਕੇ ਕਹਿੰਦੇ ਹਨ ਕਿ ਭਰਤ ਨੇ ਸਾਰੀਆਂ ਸ਼ਰੁਤੀਆਂ ਸਮ-ਪ੍ਰਮਾਣ ਦੀਆਂ ਮੰਨੀਆਂ ਹੋਣਗੀਆਂ, ਪਰ ਵਾਸਤਵ ਵਿਚ ਸ਼ੜਜ ਗ੍ਰਾਮਿਕ ਸੁਰਾਂ ਵਿੱਚੋਂ ਮੱਧਮ ਗ੍ਰਾਮਿਕ ਸੁਰ ਬਣਾਉਣ ਲਈ ਜਿਸ ਸ਼ਰੁਤੀ ਦਾ ਆਧਾਰ ਲਿਆ ਹੈ ਅਤੇ ਜਿਸ ਦਾ ਉਤਕਰਸ਼ ਜਾਂ ਉਪਕਰਸ਼ ਕਰਨ ਨੂੰ ਕਿਹਾ ਗਿਆ ਹੈ, ਉਸਦੇ ਅੰਤਰ ਨੂੰ ਹੀ ਭਰਤ ਨੇ ਪ੍ਰਮਾਣ ਸ਼ਰੁਤੀ ਕਿਹਾ ਹੈ, ਜੋ ਕਿ ਗ੍ਰੀਕੋ ਦਾ ਕੌਮਾ ਹੈ ਅਤੇ ਇਸ ਦਾ ਪ੍ਰਮਾਣ $\frac{81}{80}$ ਹੈ।

ਭਰਤ ਦਾ ਇਹ ਅਰਥ ਬਿਲਕੁਲ ਨਹੀਂ ਕਿ ਇਸ ਸ਼ਰੁਤੀ ਦੇ ਪ੍ਰਮਾਣ ਅਨੁਸਾਰ ਸਾਰੀਆਂ ਸ਼ਰੁਤੀਆਂ ਦਾ ਅੰਤਰ ਸਮਾਨ ਹੈ। ਸ਼ੜਜ ਗ੍ਰਾਮ ਨੂੰ ਮੱਧਮ ਗ੍ਰਾਮ ਵਿਚ ਪਰਿਵਰਤਨ ਕਰਨ ਦੇ ਵਾਸਤੇ ਭਰਤ ਨੇ ਪੰਚਮ ਨੂੰ ਇਕ ਸ਼ਰੁਤੀ ਇਤਨਾ ਨੀਵਾਂ ਕੀਤਾ ਕਿ ਜਿਤਨਾ ਤ੍ਰਿਸ਼ਰੁਤੀ ਰਿਸ਼ਭ ਦੇ ਨਾਲ ਨਵੀਨ ਪੰਚਮ ਦਾ ਸੰਵਾਦ (ਸਾਂ-ਮ ਸੰਵਾਦ) ਹੋ ਸਕੇ।

ਪੰਡਿਤ ਓਮਕਾਰ ਨਾਥ ਦਾ ਕਥਨ ਹੈ ਕਿ ਇਹ ਪ੍ਰਯਤਨ ਸ਼ੜਜ ਅਤੇ ਮੱਧਮ ਗ੍ਰਾਮ ਵਿਚ ਅੰਤਰ ਵਿਖਾਉਣ ਲਈ ਕੀਤਾ ਗਿਆ, ਪ੍ਰਮਾਣ ਸ਼ਰੁਤੀ ਅਥਵਾ ਸ਼ਰੁਤੀਆਂ ਨੂੰ ਇਕ ਸਮਾਨ ਵਿਖਾਉਣ ਦੇ ਲਈ ਨਹੀਂ। ਬਨਾਰਸ ਹਿੰਦੂ ਵਿਸ਼ਵ ਵਿਦਿਆਲੇ ਦੇ ਪ੍ਰੋਫ਼ੈਸਰ ਲਲਿਤ ਕਿਸ਼ੋਰ ਸਿੰਘ ਨੇ ਆਪਣੀ ਪੁਸਤਕ *ਧਵਨਿ ਅਤੇ ਸੰਗੀਤ* ਵਿਚ ਗਣਿਤ ਦੁਆਰਾ ਇਹ ਸਿੱਧ ਕੀਤਾ ਹੈ ਕਿ ਭਰਤ ਨੇ ਸ਼ਰੁਤੀਆਂ ਨੂੰ ਅਸਮਾਨ ਮੰਨਿਆ ਹੈ।

ਈ. ਕਲੈਮੈਂਟੰਗ ਨੇ ਵੀ *ਇਨਟ੍ਰੋਡਕਸ਼ਨ ਟੂ ਦਾ ਸਟਡੀ ਔਫ਼ ਇੰਡੀਅਨ ਮਿਊਜ਼ਿਕ* ਨਾਮਕ ਪੁਸਤਕ ਵਿਚ ਵੀ ਇਹ ਸਿੱਧ ਕੀਤਾ ਹੈ ਕਿ ਭਰਤ ਦੀਆਂ ਸ਼ਰੁਤੀਆਂ ਸਮਾਨ ਨਹੀਂ ਸਨ।

ਪ੍ਰਾਚੀਨ ਗ੍ਰੰਥਕਾਰ ਆਪਣੀਆਂ '22' ਸ਼ਰੁਤੀਆਂ ਸਮਾਨ ਮੰਨਦੇ ਸਨ। ਉਹਨਾਂ ਦੀਆਂ ਨਾਲ ਨਾਲ ਦੀਆਂ ਦੋ ਸ਼ਰੁਤੀਆਂ ਦਾ ਅੰਤਰ ਇਕ ਪ੍ਰਮਾਣ ਅਥਵਾ ਨਿਸ਼ਚਿਤ ਨਾਪ ਸੀ, ਜੋ ਸਪਤਕ ਦੀ ਹਰ ਇਕ ਪਾਸ ਦੀਆਂ ਦੋ ਸ਼ਰੁਤੀਆਂ ਦੇ ਵਿਚ ਹੁੰਦਾ ਸੀ। ਉਹਨਾਂ ਦੀ ਪਹਿਲੀ ਅਤੇ ਦੂਸਰੀ ਸ਼ਰੁਤੀ ਵਿਚ ਜੋ ਅੰਤਰ ਸੀ, ਉਹੋ ਹੀ ਤੀਸਰੀ ਅਤੇ ਚੌਥੀ ਵਿਚ ਅਤੇ ਜੋ ਚੌਥੀ ਅਤੇ ਪੰਜਵੀਂ ਆਦਿਕ ਸ਼ਰੁਤੀਆਂ ਵਿਚ ਅੰਤਰ ਸੀ।

ਪ੍ਰਾਚੀਨ ਕਾਲ ਦੇ ਦੋ ਗ੍ਰੰਥ ਪ੍ਰਮੁੱਖ ਹਨ: ਇਕ ਭਰਤ ਮੁਨੀ ਦਾ *ਭਰਤ ਨਾਟਯ ਸ਼ਾਸਤਰ*, ਅਤੇ ਦੂਸਰਾ ਸਾਰੰਗ ਦੇਵ ਕ੍ਰਿਤ *ਸੰਗੀਤ ਰਤਨਾਕਰ*। ਭਰਤ ਮੁਨੀ ਨੇ ਆਪਣੇ ਗ੍ਰੰਥ *ਭਰਤ ਨਾਟਯ ਸ਼ਾਸਤਰ* ਵਿਚ ਸ਼ਰੁਤੀ ਚਰਚਾ ਕਰਦੇ ਹੋਏ 'ਸਾਰਣਾ ਚਤੁਸ਼ਟਈ' ਨਾਮਕ ਪ੍ਰਯੋਗ ਲਿਖਿਆ ਹੈ, ਜਿਸ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਪ੍ਰਾਚੀਨ ਗ੍ਰੰਥਕਾਰ ਆਪਣੀਆਂ ਸ਼ਰੁਤੀਆਂ ਸਮਾਨ ਮੰਨਦੇ ਸਨ। ਸੋ ਇਸ ਪ੍ਰਯੋਗ ਵਿਚ ਪ੍ਰਮਾਣ ਸ਼ਰੁਤੀ ਦਾ ਬਹੁਤ ਮਹੱਤਵਪੂਰਨ ਸਥਾਨ ਹੈ। ਸਾਰਣਾ ਚਤੁਸ਼ਟਈ ਦੇ ਪ੍ਰਯੋਗ ਤੋਂ ਇਹ ਪਤਾ ਚੱਲਦਾ ਹੈ ਕਿ ਭਰਤ ਆਪਣੀਆਂ ਸ਼ਰੁਤੀਆਂ ਸਮਾਨ ਮੰਨਦੇ ਸਨ। ਜੇਕਰ ਉਹ ਆਪਣੀਆਂ ਸ਼ਰੁਤੀਆਂ ਨੂੰ ਅਸਮਾਨ ਮੰਨਦੇ ਤਾਂ ਇਸ ਪ੍ਰਕਾਰ ਹਰ ਇਕ ਸਾਰਣਾ ਵਿਚ ਇਕ ਇਕ ਸ਼ਰੁਤੀ ਦਾ ਅੰਤਰ ਨਾ ਕਰਦੇ। ਉਹਨਾਂ ਦੀ ਸ਼ਰੁਤੀ ਇਕ ਨਾਪ ਅਥਵਾ ਪ੍ਰਮਾਣ ਬਣ ਗਈ ਸੀ। ਜਿਸ ਦੇ ਦੁਆਰਾ ਉਹ ਆਪਣੇ ਸੁਰਾਂ ਨੂੰ ਸਥਾਪਿਤ ਕੀਤਾ ਕਰਦੇ ਸਨ।

ਉਦਾਹਰਣ ਦੇ ਲਈ ਜੇਕਰ ਉਹਨਾਂ ਦੇ 'ਸਾ, ਮ ਅਤੇ ਪ', ਸੁਰਾਂ ਵਿਚ 4-4 ਸ਼ਰੁਤੀਆਂ ਘੱਟ ਕਰ ਦਿਓ ਤਾਂ ਉਹਨਾਂ ਦੇ 'ਨੀ, ਗ ਅਤੇ ਮ' ਸੁਰ ਬਣ ਜਾਂਦੇ ਹਨ। ਇਸ ਤੋਂ ਇਹ ਸਪੱਸ਼ਟ ਹੈ ਕਿ ਉਹਨਾਂ ਦੀਆਂ '22' ਸ਼ਰੁਤੀਆਂ ਸਮਾਨ ਸਨ। ਭਰਤ ਦੀ ਤਰ੍ਹਾਂ ਪ੍ਰਾਚੀਨ ਦੇ ਸਾਰੇ ਗ੍ਰੰਥਕਾਰ ਆਪਣੀਆਂ ਸ਼ਰੁਤੀਆਂ ਨੂੰ ਇਕ ਸਮਾਨ ਮੰਨਦੇ ਸਨ।

ਗਣਿਤ ਦੁਆਰਾ ਸਾਰੰਗ ਦੇਵ ਦੇ ਸੁਰਾਂ ਦੀ ਅੰਦੋਲਨ ਸੰਖਿਆ ਕੱਢਣ 'ਤੇ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਉਸ ਦਾ ਸੁਰ ਸਪਤਕ ਸੁਭਾਵਿਕ ਸੁਰ ਸਪਤਕ ਤੋਂ ਬਿਲਕੁਲ ਵੱਖਰਾ ਹੋ ਜਾਂਦਾ ਹੈ, ਕਿਉਂਕਿ ਉਸ ਦਾ ਚਤੁਸ਼ਰੁਤੀਕ ਸੁਰ ਮੇਜਰ ਟੋਨ ਜਾਂ ਗੁਰੂ ਸੁਰ ਤੋਂ 4 ਸੇਵਰਟ ਉੱਚਾ ਹੈ। ਕਿਸੀ ਵੀ ਸੁਰ ਸਪਤਕ ਵਿਚ ਇਸ ਤਰ੍ਹਾਂ ਦੀ ਗ਼ਲਤੀ ਨਹੀਂ ਕੀਤੀ ਗਈ ਕਿ 'ਪ' ਦੇ ਵਿਚ ਗੁਰੂ ਸੁਰਾਂਤਰ ਅਰਥਾਤ $\frac{9}{4}$ ਦਾ ਗੁਣਾਂਤਰ 'ਮ' ਨਾ ਮੰਨਿਆ ਗਿਆ ਹੋਵੇ। ਸਾਰੰਗ ਦੇਵ ਜਿਹੇ ਸੰਗੀਤਕਾਰ ਜਿਹਨਾਂ ਨੇ ਵੀਣਾ 'ਤੇ ਇਕ ਸਪਤਕ ਵਿਚ

22 ਤਾਰਾਂ ਨੂੰ ਕੰਨਾਂ ਦੇ ਆਧਾਰ 'ਤੇ ਸ਼ਰੁਤੀ-ਬੱਧ ਕੀਤਾ ਹੋਵੇ, ਉਸ ਤੋਂ ਇਤਨੀ ਵੱਡੀ ਗ਼ਲਤੀ ਦੀ ਸੰਭਾਵਨਾ ਕਿਸ ਤਰ੍ਹਾਂ ਕੀਤੀ ਜਾ ਸਕਦੀ ਹੈ।

ਸਾਰੰਗ ਦੇਵ ਦੇ ਸ੍ਵਰ ਸਪਤਕ ਦੇ ਵਿਸ਼ੇ ਉੱਤੇ *ਧਵੰਨਿ ਅਤੇ ਸੰਗੀਤ* ਦੇ ਲੇਖਕ ਪ੍ਰੋਫ਼ੈਸਰ ਲਲਿਤ ਕਿਸ਼ੋਰ ਸਿੰਘ ਸਫ਼ਾ 171 ਉੱਤੇ ਲਿਖਦੇ ਹਨ ਕਿ ਇਸ ਸ੍ਵਰ ਪ੍ਰਬੰਧ ਵਿਚ ਜੋ ਕਿ ਕਿਸੇ ਵੀ ਸ੍ਵਰ ਪ੍ਰਬੰਧ ਨਾਲ ਨਹੀਂ ਮਿਲਦਾ, ਵਿਚਾਰ ਕਰਨ ਵਾਲੀ ਮੁੱਖ ਗੱਲ ਇਹ ਹੈ ਕਿ ਇਸ ਦਾ ਚਤੁਸ਼ਰੁਤੀਕ ਅੰਤਰਾਲ ਗੁਰੂ ਸ੍ਵਰ ਤੋਂ ਵੀ 38 ਸੇਵਰਟ ਜਾਂ ਲਗਭਗ ਇਕ ਕੌਮਾ ਉੱਚਾ ਹੈ। ਇਹ ਗੁਰੂ ਮੱਧਮ ਅਤੇ ਪੰਚਮ ਦਾ ਅੰਤਰਾਲ ਹੈ ਅਤੇ ਇਹ ਦੋਨੋਂ ਹੀ ਸ੍ਵਰ ਪ੍ਰਾਕ੍ਰਿਤਕ ਹਨ, ਜੋ ਸਾਰੇ ਦੇਸ਼ਾਂ ਵਿਚ ਅਤੇ ਸਾਰੇ ਕਾਲਾਂ ਵਿਚ ਇੱਕੋ ਜਿਹੇ ਪਾਏ ਜਾਂਦੇ ਹਨ। ਇਸ ਲਈ ਇਹ ਮੰਨਣਾ ਪੈਂਦਾ ਹੈ ਕਿ ਸਾਰੰਗ ਦੇਵ ਵਰਗੇ ਆਚਾਰਯ ਇਸਦੇ ਮਾਨ ਵਿਚ ਤਰੁਟੀ ਨਹੀਂ ਕਰ ਸਕਦੇ। ਭਰਤ ਅਤੇ ਸਾਰੰਗ ਦੇਵ ਦੀ ਸ਼ਰੁਤੀਆਂ ਨੂੰ ਚੰਗੀ ਤਰ੍ਹਾਂ ਸਮਝਣ ਲਈ ਦੋਹਾਂ ਦੀ ਸਾਰਣਾ ਚਤੁਸ਼ਟਈ ਪ੍ਰਕਿਰਿਆ ਵੇਖਣੀ ਚਾਹੀਦੀ ਹੈ।

ਸੁਰਾਂ ਦੀ ਅੰਦੋਲਨ ਸੰਖਿਆ

ਤਾਨਪੂਰੇ ਜਾਂ ਸਿਤਾਰ ਦੇ ਤਾਰ ਨੂੰ ਛੇੜਨ ਨਾਲ ਉਸ ਵਿਚ ਕੰਪਨ ਜਾਂ ਅੰਦੋਲਨ ਉਤਪੰਨ ਹੁੰਦੇ ਹਨ। ਤਾਰ ਨੂੰ ਜਦ ਛੇੜਿਆ ਜਾਂਦਾ ਹੈ ਤਾਂ ਉਹ ਪਹਿਲੇ ਇਕ ਪਾਸੇ ਕੁਛ ਦੂਰੀ ਤਕ ਜਾਂਦਾ ਹੈ, ਫਿਰ ਵਾਪਸ ਆ ਕੇ ਉਤਨੀ ਹੀ ਦੂਰ ਦੂਸਰੇ ਪਾਸੇ ਜਾਂਦਾ ਹੈ। ਬਾਅਦ ਵਿਚ ਉਹ ਆਪਣੀ ਪਹਿਲੀ ਜਗ੍ਹਾ 'ਤੇ ਆ ਜਾਂਦਾ ਹੈ। ਪਰ ਆਪਣੇ ਪਹਿਲੇ ਅਸਥਾਨ 'ਤੇ ਆ ਕੇ ਉਹ ਰੁਕਦਾ ਨਹੀਂ, ਬਲਕਿ ਇਸੇ ਪ੍ਰਕਾਰ ਅੱਗੇ ਪਿੱਛੇ ਹੋ ਕੇ ਕੰਪਨ ਕਰਦਾ ਹੈ, ਅਤੇ ਤਦ ਤਕ ਕੰਪਨ ਕਰਦਾ ਰਹਿੰਦਾ ਹੈ, ਜਦ ਤਕ ਉਸ ਦਾ ਵੇਗ ਸ਼ਾਂਤ ਨਹੀਂ ਹੁੰਦਾ। ਆਪਣੀ ਜਗ੍ਹਾ ਤੋਂ ਇਕ ਪਾਸੇ ਜਾ ਕੇ ਅਤੇ ਫਿਰ ਦੂਸਰੇ ਪਾਸੇ ਜਾ ਕੇ ਆਪਣੇ ਪਹਿਲੇ ਅਸਥਾਨ 'ਤੇ ਜਦ ਤਾਰ ਆਉਂਦਾ ਹੈ, ਤਦ ਉਹ ਇਸ ਪ੍ਰਕਾਰ ਇਕ ਅੰਦੋਲਨ ਕਰਦਾ ਹੈ।

ਇਕ ਅੰਦੋਲਨ ਤੋਂ ਬਾਅਦ ਤਾਰ ਦੂਸਰਾ ਅੰਦੋਲਨ ਕਰਦਾ ਹੈ, ਫਿਰ ਤੀਸਰਾ। ਇਸ ਪ੍ਰਕਾਰ ਇਹਨਾਂ ਅੰਦੋਲਨਾਂ ਦਾ ਕ੍ਰਮ ਬਰਾਬਰ ਚੱਲਦਾ ਰਹਿੰਦਾ ਹੈ। ਪਰ ਜਿਉਂ ਹੀ ਤਾਰ 'ਤੇ ਕੀਤੇ ਗਏ ਪ੍ਰਹਾਰ ਦੀ ਸ਼ਕਤੀ ਘੱਟ ਹੁੰਦੀ ਜਾਂਦੀ ਹੈ, ਤਿਉਂ ਹੀ ਤਾਰ ਦੀ ਅੱਗੇ ਪਿੱਛੇ ਆਉਣ ਜਾਣ ਦੀ ਦੂਰੀ ਘੱਟ ਹੁੰਦੀ ਜਾਂਦੀ ਹੈ ਅਤੇ ਅਖ਼ੀਰ ਵਿਚ ਤਾਰ ਸ਼ਾਂਤ ਹੋ ਜਾਂਦਾ ਹੈ। ਤਾਰ ਵਿਚ ਕੰਪਨ ਸ਼ਾਂਤ ਹੋਣ ਨਾਲ ਉਸ ਦੀ ਧਵਨਿ ਵੀ ਸ਼ਾਂਤ ਹੋ ਜਾਂਦੀ ਹੈ।

ਅੰਦੋਲਨ ਨੂੰ ਨਾਪਣ ਲਈ ਇਹ ਵੇਖਿਆ ਜਾਂਦਾ ਹੈ ਕਿ ਇਕ ਸੈਕਿੰਡ ਵਿਚ ਤਾਰ ਕਿਤਨੇ ਅੰਦੋਲਨ ਕਰਦਾ ਹੈ ਅਰਥਾਤ ਅੰਦੋਲਨਾਂ ਦਾ ਮਾਪਦੰਡ ਇਕ ਸੈਕਿੰਡ ਮੰਨਿਆ ਜਾਂਦਾ ਹੈ। ਇਕ ਸੈਕਿੰਡ ਵਿਚ ਅੰਦੋਲਨਾਂ ਦੀ ਸੰਖਿਆ ਜਿਤਨੀ ਘੱਟ ਹੋਵੇਗੀ, ਨਾਦ ਉਤਨਾ ਹੀ ਨੀਵਾਂ ਹੋਵੇਗਾ ਅਤੇ ਇਕ ਸੈਕਿੰਡ ਵਿਚ ਅੰਦੋਲਨਾਂ ਦੀ ਸੰਖਿਆ ਜਿਤਨੀ ਜ਼ਿਆਦਾ ਹੋਵੇਗੀ, ਨਾਦ ਉਤਨਾ ਹੀ ਉੱਚਾ ਹੋਵੇਗਾ। ਇਸ ਲਈ ਨਾਦ ਦਾ ਉੱਚਾ-ਨੀਵਾਂਪਨ ਹਰ ਸੈਕਿੰਡ ਵਿਚ ਹੋਣ ਵਾਲੀ ਅੰਦੋਲਨ ਸੰਖਿਆ 'ਤੇ ਨਿਰਭਰ ਹੈ। ਦੂਸਰੀ ਗੱਲ ਇਹ ਹੈ ਕਿ ਇਕ ਸੈਕਿੰਡ ਵਿਚ ਅੰਦੋਲਨ ਨਿਯਮਤ ਹੋਣੇ ਚਾਹੀਦੇ ਹਨ।

ਸੰਗੀਤ ਵਿਗਿਆਨਕਾਂ ਨੇ ਇਹ ਪਤਾ ਲਗਾਇਆ ਹੈ ਕਿ ਸਭ ਤੋਂ ਨੀਵਾਂ ਨਾਦ ਜੋ ਸਾਧਾਰਣ ਸੁਣਾਈ ਨਹੀਂ ਦਿੰਦਾ, ਪਰ ਧਿਆਨ ਕਰਨ ਨਾਲ ਸੁਣਿਆ ਜਾ ਸਕਦਾ ਹੈ, ਇਕ ਸੈਕਿੰਡ ਵਿਚ 16 ਅੰਦੋਲਨ ਕਰਦਾ ਹੈ।

ਕੁਛ ਵਿਦਵਾਨਾਂ ਦਾ ਵਿਚਾਰ ਹੈ ਕਿ ਇਕ ਸੈਕਿੰਡ ਵਿਚ 20 ਅੰਦੋਲਨ ਕਰਨ ਵਾਲਾ ਨਾਦ ਅਸੀਂ ਸਾਧਾਰਣ ਸੁਣ ਸਕਦੇ ਹਾਂ। ਸਭ ਤੋਂ ਉੱਚੇ ਨਾਦ ਦੀ ਅੰਦੋਲਨ ਸੰਖਿਆ ਇਕ ਸੈਕਿੰਡ ਵਿਚ ਲਗਭਗ 30000 ਹੋ ਸਕਦੀ ਹੈ। ਪਰ ਇਤਨੀ ਉੱਚੀ ਆਵਾਜ਼ ਸੰਗੀਤ ਦੇ ਕੰਮ ਦੀ ਨਹੀਂ ਹੈ। ਪੱਛਮੀ ਵਿਦਵਾਨ ਇਕ ਸੈਕਿੰਡ ਵਿਚ 16 ਅੰਦੋਲਨਾਂ ਤੋਂ ਲੈ ਕੇ ਇਕ ਸੈਕਿੰਡ ਵਿਚ 4000 ਅੰਦੋਲਨ ਸੰਖਿਆਵਾਂ ਦੇ ਸੁਰਾਂ ਨੂੰ ਸੰਗੀਤ ਉਪਯੋਗੀ ਦੱਸ ਕੇ 9 ਸਪਤਕਾਂ ਦੀ ਸਥਾਪਨਾ ਕਰਦੇ ਹਨ ਅਤੇ ਇਹਨਾਂ 9 ਸਪਤਕਾਂ ਦੇ ਵਿੱਚੋਂ

ਵੀ ਸਿਰਫ਼ ਵਿਚਕਾਰਲੇ ਤਿੰਨ ਜਾਂ ਚਾਰ ਸਪਤਕਾਂ ਦੇ ਸੁਰ ਹੀ ਸੰਗੀਤ ਦਾ ਜ਼ਿਆਦਾ ਅਨੰਦ ਦਿੰਦੇ ਹਨ।

ਵਿਦਵਾਨਾਂ ਨੇ ਇਹ ਵੀ ਪ੍ਰਯੋਗ ਕੀਤਾ ਹੈ ਕਿ ਮੱਧ-ਸਪਤਕ ਦੇ ਸ਼ੜਜ ਦੀ ਅੰਦੋਲਨ ਸੰਖਿਆ ਇਕ ਸੈਕਿੰਡ ਵਿਚ ਕਿਤਨੀ ਹੈ। ਇਸ ਗੱਲ 'ਤੇ ਵਿਦਵਾਨਾਂ ਵਿਚ ਕੁਝ ਮਤਭੇਦ ਹੋ ਗਿਆ ਹੈ ਕਿਉਂਕਿ ਕੁਝ ਵਿਦਵਾਨ ਮੱਧ ਸ਼ੜਜ ਵਿਚ 240 ਅੰਦੋਲਨ ਸੰਖਿਆ ਇਕ ਸੈਕਿੰਡ ਵਿਚ ਮੰਨਦੇ ਹਨ ਅਤੇ ਕੁਝ ਵਿਦਵਾਨ ਮੱਧ ਸ਼ੜਜ ਵਿਚ 256 ਅੰਦੋਲਨ ਸੰਖਿਆ ਇਕ ਸੈਕਿੰਡ ਮੰਨਦੇ ਹਨ। ਸਰਲਤਾ ਦੇ ਲਈ ਇਕ ਸੈਕਿੰਡ ਵਿਚ ਸੰਖਿਆ ਨੂੰ ਫ੍ਰੀਕਵੇਂਸੀ (Frequency) ਕਹਿੰਦੇ ਹਨ। ਜਿਵੇਂ ਅਸੀਂ ਕਹਿਣਾ ਹੋਵੇ ਕਿ ਸ਼ੜਜ ਦੀ ਅੰਦੋਲਨ ਸੰਖਿਆ ਇਕ ਸੈਕਿੰਡ ਵਿਚ 240 ਹੈ ਤਾਂ ਘੱਟ ਸ਼ਬਦਾਂ ਵਿਚ ਕੇਵਲ ਇਹ ਕਹਿ ਸਕਦੇ ਹਾਂ ਕਿ 'ਸਾ' = 240 ਫ੍ਰੀਕਵੇਂਸੀਜ਼ (Frequences) ਹੈ। ਪੱਛਮੀ ਸੰਗੀਤ ਵਿਚ ਸਪਤਕ ਦੇ ਸੱਤ ਸੁਰ ਕ੍ਰਮਵਾਰ C, D, E, F, G, A, B ਦੇ ਨਾਵਾਂ ਨਾਲ ਪੁਕਾਰੇ ਜਾਂਦੇ ਹਨ। ਇਹਨਾਂ ਦੋਹਾਂ ਮੱਤਾਂ ਦੇ ਅਨੁਸਾਰ ਪੱਛਮੀ ਸਪਤਕ ਦੇ ਸ਼ੁੱਧ ਅਤੇ ਵਿਕਰਤ ਸੁਰਾਂ ਦੀ ਅੰਦੋਲਨ ਸੰਖਿਆ ਇਸ ਪ੍ਰਕਾਰ ਹੈ। ਇਹਨਾਂ ਦੋਹਾਂ ਮਤਾਂ ਵਿੱਚੋਂ 'ਸਾ' ਦੀ ਅੰਦੋਲਨ 240, ਜ਼ਿਆਦਾ ਪ੍ਰਚਲਿਤ ਹੈ।

ਪੱਛਮੀ ਸਪਤਕ ਦੇ ਸੁਰਾਂ ਦੀ ਅੰਦੋਲਨ ਸੰਖਿਆ ਤੇ ਤਾਰ ਦੀ ਲੰਬਾਈ

ਲੜੀ ਨੰ:	*ਉੱਤਰੀ ਸੁਰ*	*ਪੱਛਮੀ ਸੁਰ*	*ਅੰਦੋਲਨ ਸੰਖਿਆ*	*ਅੰਦੋਲਨ ਸੰਖਿਆ*	*ਤਾਰ ਦੀ ਲੰਬਾਈ 240*
1.	ਮੱਧ 'ਸਾ'	C	240	256	36"
2.	ਕੋਮਲ ਰੇ	D	256	$273\frac{1}{15}$	$33\frac{3}{4}$"
3.	ਸ਼ੁਧ ਰੇ,	D	270	288	32"
4.	ਕੋਮਲ ਗੁ	E	288	$307\frac{1}{5}$	30"
5.	ਸ਼ੁਧ ਗ	E	300	320	$28\frac{4}{5}$"
6.	ਸ਼ੁਧ ਮ	F	320	$341\frac{1}{3}$	27"
7.	ਤੀਬਰ ਮ	F	337	360	$25\frac{3}{5}$"
8.	ਪ	G	360	384	24"
9.	ਕੋਮਲ ਧੁ	A	384	$409\frac{3}{5}$	$22\frac{1}{2}$"
10.	ਸ਼ੁੱਧ ਧ	A	400	426	$21\frac{9}{5}$"
11.	ਕੋਮਲ ਨੁੀ	B	432	$460\frac{4}{5}$	20"
12.	ਸ਼ੁੱਧ ਨੀ	B	450	480	$19\frac{1}{5}$"
13.	ਤਾਰ ਸਾਂ	C	480	512	18"

ਅੰਦੋਲਨ ਸੰਖਿਆ ਨਾਲ ਤਾਰ ਦੀ ਲੰਬਾਈ ਕੱਢਣ ਦਾ ਢੰਗ

ਜੇਕਰ ਕਿਸੇ ਸੁਰ ਦੀ ਅੰਦੋਲਨ ਸੰਖਿਆ ਦਿੱਤੀ ਗਈ ਹੋਵੇ ਤਾਂ ਸਾਨੂੰ ਉਸ ਸੁਰ ਦੇ ਤਾਰ ਦੀ ਲੰਬਾਈ ਬੜੀ ਸਰਲਤਾ ਨਾਲ ਮਾਲੂਮ ਹੋ ਸਕਦੀ ਹੈ। ਪਰ ਸਾਨੂੰ ਇਹ ਯਾਦ

ਹੋਣਾ ਚਾਹੀਦਾ ਹੈ ਕਿ ਮੱਧ ਸ਼ੜਜ ਦੀ ਅੰਦੋਲਨ ਸੰਖਿਆ 240 ਹੈ ਅਤੇ ਤਾਰ ਦੀ ਲੰਬਾਈ 36 ਇੰਚ ਹੈ।

ਸਭ ਤੋਂ ਪਹਿਲਾਂ ਦਿੱਤੇ ਹੋਏ ਸੁਰ ਦੀ ਅੰਦੋਲਨ ਸੰਖਿਆ ਅਤੇ ਮੱਧ ਸ਼ੜਜ ਦੇ ਸੁਰ ਦੀ ਅੰਦੋਲਨ ਸੰਖਿਆ ਦਾ ਗੁਣਾਂਤਰ ਕੱਢਣਾ ਚਾਹੀਦਾ ਹੈ। ਗੁਣਾਂਤਰ ਹਮੇਸ਼ਾ ਵੱਡੀ ਸੰਖਿਆ ਵਿਚ ਛੋਟੀ ਸੰਖਿਆ ਨੂੰ ਭਾਗ ਦੇਣ ਨਾਲ ਨਿਕਲਦਾ ਹੈ, ਕਿਉਂਕਿ ਗੁਣਾਂਤਰ ਇਕ ਤੋਂ ਵੱਡਾ ਹੁੰਦਾ ਹੈ। ਜਿਵੇਂ ਪੰਚਮ ਸੁਰ ਦੀ ਅੰਦੋਲਨ ਸੰਖਿਆ 360 ਹੈ ਤੇ ਸ਼ੜਜ ਦੀ ਅੰਦੋਲਨ ਸੰਖਿਆ 240 ਹੈ, ਹੁਣ ਸ਼ੜਜ ਦਾ ਅਤੇ ਪੰਚਮ ਦਾ ਗੁਣਾਂਤਰ (ਸੁਰਾਂਤਰ) $\frac{360}{240} = \frac{3}{2}$ ਹੋਵੇਗਾ।

ਗੁਣਾਂਤਰ ਨਿਕਲ ਜਾਣ ਨਾਲ ਮੱਧ ਸ਼ੜਜ ਦੀ ਤਾਰ ਦੀ ਲੰਬਾਈ ਵਿਚ ਉਸਦਾ ਭਾਗ ਦਿੰਦੇ ਹਨ, ਜਿਸ ਨਾਲ ਪੁੱਛੇ ਗਏ ਸੁਰ ਦੀ ਲੰਬਾਈ ਤਾਰ 'ਤੇ ਮਾਲੂਮ ਹੋ ਜਾਂਦੀ ਹੈ। ਜਿਵੇਂ ਪੰਚਮ ਸੁਰ ਦੀ ਤਾਰ 'ਤੇ ਲੰਬਾਈ $36 \div \frac{3}{2} = \frac{36}{3} \times 2 = 24$ ਇੰਚ ਹੋਵੇਗੀ।

ਤਾਰ ਦੀ ਲੰਬਾਈ ਨਾਲ ਅੰਦੋਲਨ ਸੰਖਿਆ ਕੱਢਣ ਦਾ ਢੰਗ

ਜੇਕਰ ਤਾਰ 'ਤੇ ਕਿਸੇ ਸੁਰ ਦੀ ਲੰਬਾਈ ਦਿੱਤੀ ਗਈ ਹੋਵੇ ਤਾਂ ਉਸ ਸੁਰ ਦੀ ਅੰਦੋਲਨ ਸੰਖਿਆ ਮਾਲੂਮ ਕੀਤੀ ਜਾ ਸਕਦੀ ਹੈ। ਪਰ ਇਸਦੇ ਨਾਲ ਹੀ ਸਾਨੂੰ ਇਹ ਧਿਆਨ ਰੱਖਣਾ ਚਾਹੀਦਾ ਹੈ ਕਿ ਮੱਧ ਸ਼ੜਜ ਦੀ ਅੰਦੋਲਨ ਸੰਖਿਆ 240 ਤੇ ਤਾਰ ਦੀ ਲੰਬਾਈ 36 ਇੰਚ ਹੈ।

ਸਭ ਤੋਂ ਪਹਿਲਾਂ ਦਿੱਤੀ ਗਈ ਸੁਰ ਦੀ ਲੰਬਾਈ ਅਤੇ ਮੱਧ ਸ਼ੜਜ ਦੀ ਲੰਬਾਈ ਦਾ ਗੁਣਾਂਤਰ ਕੱਢਣਾ ਚਾਹੀਦਾ ਹੈ। ਗੁਣਾਂਤਰ ਕੱਢਣ ਸਮੇਂ ਵੱਡੀ ਸੰਖਿਆ ਉਪਰ ਅਤੇ ਛੋਟੀ ਸੰਖਿਆ ਨੀਚੇ ਰੱਖਣੀ ਚਾਹੀਦੀ ਹੈ, ਜਿਵੇਂ ਕਿ ਮੱਧਮ ਸੁਰ ਦੀ ਤਾਰ ਤੇ ਲੰਬਾਈ 27 ਇੰਚ ਦਿੱਤੀ ਗਈ ਹੈ ਤਾਂ ਇਸ ਦਾ ਗੁਣਾਂਤਰ $\frac{36}{27} = \frac{4}{3}$ ਹੋਵੇਗਾ।

ਹੁਣ ਸਾਨੂੰ ਸ਼ੜਜ ਦੀ ਅੰਦੋਲਨ ਸੰਖਿਆ 240 ਮਾਲੂਮ ਹੈ। ਇਸ ਲਈ ਮੱਧਮ ਸੁਰ ਦੀ ਅੰਦੋਲਨ ਸੰਖਿਆ ਕੱਢਣ ਲਈ ਮੱਧ ਸ਼ੜਜ ਦੀ ਅੰਦੋਲਨ ਸੰਖਿਆ ਵਿਚ ਸ਼ੜਜ ਅਤੇ ਮੱਧਮ ਸੁਰਾਂ ਦੇ ਗੁਣਾਂਤਰ ਨਾਲ ਗੁਣਾ ਕਰ ਦੇਣਾ ਚਾਹੀਦਾ ਹੈ। ਜਿਵੇਂ ਮੱਧਮ ਸੁਰ ਦੀ ਅੰਦੋਲਨ ਸੰਖਿਆ $240 \times \frac{4}{3} = 320$ ਹੋਈ।

ਇਸੇ ਪ੍ਰਕਾਰ ਕਿਸੇ ਵੀ ਸੁਰ ਦੀ ਅੰਦੋਲਨ ਸੰਖਿਆ ਪਤਾ ਕੀਤੀ ਜਾ ਸਕਦੀ ਹੈ, ਜੇਕਰ ਉਸ ਸੁਰ ਦੀ ਤਾਰ ਉੱਤੇ ਲੰਬਾਈ ਦਿੱਤੀ ਗਈ ਹੋਵੇ।

ਵਾਣੀ

ਇਹ ਨਿਸਚਿਤ ਰੂਪ ਵਿਚ ਨਹੀਂ ਕਿਹਾ ਜਾ ਸਕਦਾ ਕਿ ਵਾਣੀ ਦੀ ਉਤਪਤੀ ਕਿਥੋਂ ਹੋਈ ਸੀ। ਕੁਝ ਵਿਦਵਾਨਾਂ ਦਾ ਵਿਚਾਰ ਹੈ ਕਿ ਪੰਜਾਂ ਗੀਤੀਆਂ ਦੇ ਆਧਾਰ ਉੱਤੇ ਵਾਣੀ ਦੀ ਉਤਪਤੀ ਹੋਈ ਅਤੇ ਵਾਣੀ ਦੇ ਆਧਾਰ ਉੱਤੇ ਕਲਾਵੰਤਾਂ ਦੇ ਘਰਾਣਿਆਂ ਦੀ ਸ੍ਰਿਸ਼ਟੀ ਹੋਈ, ਕਿਉਂਕਿ ਹਰ ਇਕ ਗਾਇਕ ਆਪਣੇ ਗੁਰੂ ਦੀ ਵਾਣੀ ਨੂੰ ਹੀ ਅਪਣਾਉਂਦਾ ਸੀ।

ਪ੍ਰਾਚੀਨ ਕਾਲ ਦੇ ਪ੍ਰਸਿੱਧ ਸੰਗੀਤਕਾਰ ਸਵਾਮੀ ਹਰੀਦਾਸ, ਤਾਨਸੈਨ, ਨਾਇਕ ਗੋਪਾਲ, ਰਸਖਾਨ, ਨਾਇਕ ਬਖ਼ਸ਼ੂ, ਨਾਇਕ ਚਰਜੂ, ਕੁੰਤਲਦਾਸ, ਸੁਜਾਨ ਦਾਸ ਆਦਿਕ ਧਰੂਪਦ ਹੀ ਗਾਇਆ ਕਰਦੇ ਸਨ। ਧਰੂਪਦ ਗਾਇਕਾਂ ਦਾ ਪ੍ਰਚਾਰ ਮੁਗ਼ਲ ਕਾਲ ਵਿਚ ਜ਼ਿਆਦਾ ਹੋਇਆ। ਜਿਸ ਪ੍ਰਕਾਰ ਖ਼ਿਆਲ ਗਾਇਕਾਂ ਦੇ ਭਿੰਨ ਭਿੰਨ ਘਰਾਣੇ ਅੱਜ ਪ੍ਰਚਲਿਤ ਹਨ ਅਤੇ ਹਰ ਇਕ ਘਰਾਣੇ ਦੀ ਗਾਇਨ ਸ਼ੈਲੀ ਵਿਚ ਥੋੜੀ ਬਹੁਤ ਭਿੰਨਤਾ ਹੈ, ਉਸੀ ਪ੍ਰਕਾਰ ਪ੍ਰਾਚੀਨ ਕਾਲ ਵਿਚ ਧਰੂਪਦ ਗਾਇਨ ਦੀਆਂ ਭਿੰਨ ਭਿੰਨ ਸ਼ੈਲੀਆਂ ਪ੍ਰਚਲਿਤ ਸਨ ਅਤੇ ਉਹਨਾਂ ਗਾਇਨ ਸ਼ੈਲੀਆਂ ਨੂੰ ਗੀਤੀਆਂ ਕਹਿ ਕੇ ਪੁਕਾਰਦੇ ਸਨ। ਪਰ ਬਾਅਦ ਵਿਚ ਇਹਨਾਂ ਗਾਇਨ ਸ਼ੈਲੀਆਂ ਨੂੰ ਵਾਣੀ ਕਹਿ ਕੇ ਪੁਕਾਰਿਆ ਜਾਂਦਾ ਸੀ, ਕਿਉਂਕਿ ਇਹ ਵਾਣੀਆਂ ਪ੍ਰਾਚੀਨ ਗੀਤੀਆਂ ਦੇ ਆਧਾਰ 'ਤੇ ਹੀ ਬਣਾਈਆਂ ਗਈਆਂ ਸਨ।

ਪ੍ਰਾਚੀਨ ਕਾਲ ਵਿਚ ਧਰੂਪਦ ਗਾਇਕਾਂ ਨੂੰ ਕਲਾਵੰਤ ਕਹਿੰਦੇ ਸਨ। ਹੌਲੀ ਹੌਲੀ ਧਰੂਪਦ ਗਾਇਕਾਂ ਦੇ ਭੇਦ ਉਹਨਾਂ ਦੀਆਂ ਵਾਣੀਆਂ ਦੇ ਅਨੁਸਾਰ ਕੀਤੇ ਜਾਣ ਲੱਗੇ। ਸਾਰੇ ਕਲਾਵੰਤਾਂ ਨੂੰ ਮੁੱਖ ਚਾਰ ਹਿੱਸਿਆਂ ਵਿਚ ਵੰਡਿਆ ਗਿਆ ਸੀ, ਜਿਹਨਾਂ ਨੂੰ ਵਾਣੀ ਕਹਿੰਦੇ ਸਨ, ਇਹਨਾਂ ਚਾਰ ਵਾਣੀਆਂ ਦੇ ਨਾਮ ਇਸ ਪ੍ਰਕਾਰ ਹਨ: (1) ਗੋਬਰ-ਹਾਰੀ ਜਾਂ ਸ਼ੁੱਧ ਵਾਣੀ, (2) ਡਾਗੁਰ ਵਾਣੀ, (3) ਖੰਡਾਰ ਵਾਣੀ, (4) ਨੌਹਾਰ ਵਾਣੀ।

(1) ਗੋਬਰ-ਹਾਰੀ ਜਾਂ ਸ਼ੁੱਧ ਵਾਣੀ

ਅਕਬਰ ਦੇ ਸਮੇਂ ਵਿਚ ਉਸ ਦੇ ਦਰਬਾਰ ਅੰਦਰ ਚਾਰ ਨਿਪੁੰਨ ਵਿਦਵਾਨ ਸੰਗੀਤਕਾਰ ਰਹਿੰਦੇ ਸਨ: (1) ਤਾਨਸੈਨ ਗੌੜ ਬ੍ਰਾਹਮਣ, (2) ਬ੍ਰਿਜ ਚੰਦ, ਬ੍ਰਾਹਮਣ ਡਾਗੁਰ ਪਿੰਡ ਦੇ ਨਿਵਾਸੀ, (3) ਰਾਜਾ ਸਮੋਖਨ ਸਿੰਘ ਵੀਣਾਕਾਰ, ਖੰਡਾਰ ਨਾਮਕ ਸਥਾਨ ਦੇ ਨਿਵਾਸੀ, (4) ਰਾਜਪੂਤ ਸ੍ਰੀ ਚੰਦ, ਨੌਹਾਰ ਦੇ ਨਿਵਾਸੀ।

ਇਹਨਾਂ ਚਾਰਾਂ ਦੀਆਂ ਚਾਰ ਵਾਣੀਆਂ ਪ੍ਰਸਿੱਧ ਸਨ। ਇਸ ਵਾਣੀ ਦੇ ਪ੍ਰਚਾਰਕ ਤਾਨਸੈਨ ਸਨ। ਤਾਨਸੈਨ ਗੌੜ ਬ੍ਰਾਹਮਣ ਹੋਣ ਦੇ ਕਾਰਨ ਉਸਦੀ ਵਾਣੀ ਦਾ ਨਾਮ ਗੋਬਰ-ਹਾਰੀ ਪੈ ਗਿਆ। ਇਸ ਦਾ ਪ੍ਰਧਾਨ ਲੱਛਣ ਗੁਣ ਹੈ। ਇਸ ਵਿਚ ਸ਼ਾਂਤ ਰਸ ਅਤੇ ਸਪੱਸ਼ਟਤਾ ਹੈ। ਇਸ ਦੀ ਗਤੀ ਧੀਰ ਹੈ।

ਅਸੀਂ ਜਿਸ ਨੂੰ ਕੇਵਲ ਵਾਣੀ ਜਾਂ ਸ਼ੁੱਧ ਵਾਣੀ ਕਹਿੰਦੇ ਹਾਂ, ਉਹ ਗੋਬਰ-ਹਾਰੀ ਜਾਂ ਡਾਗੁਰਵਾਣੀ ਦੇ ਨਾਮ ਰੂਪਾਂਤਰ ਹੈ। ਸ਼ੁੱਧ ਵਾਣੀ ਹੀ ਸੰਗੀਤ ਦੀ ਆਤਮਾ ਹੈ ਅਤੇ ਇਸ ਨਾਲ ਸੰਗੀਤ ਦੀ ਪ੍ਰਤਿਸ਼ਟਾ ਵੀ ਹੈ। ਸੰਗੀਤ ਦੇ ਪ੍ਰਾਣ ਸਰੂਪ ਜੋ ਰਸ ਵਸਤੂ ਹੈ, ਉਸ ਦਾ ਅਵਿਕਲ ਝਰਨਾ, ਸ਼ੁੱਧ ਵਾਣੀ ਵਿੱਚੋਂ ਹੀ ਮਿਲੇਗਾ। ਇਸਦੇ ਅਨੰਦ ਦਾ ਅਨੁਭਵ ਉਹੀ ਕਰ ਸਕਦਾ ਹੈ, ਜਿਸ ਨੇ ਸ਼ੁੱਧ ਵਾਣੀ ਦੀ ਰਸਧਾਰਾ ਦਾ ਰਸ ਮਾਣਿਆ ਹੈ।

ਇਸ ਲਈ ਸੈਨੀਲੋਕ, ਤਾਨਸੈਨ ਦੇ ਵੰਸ਼ ਦੇ ਗਾਇਕ-ਵਾਦਕ ਹਮੇਸ਼ਾ ਸ਼ੁੱਧ ਵਾਣੀ ਦੇ ਸੰਗੀਤ 'ਤੇ ਹੀ ਖ਼ਾਸ ਜ਼ੋਰ ਦਿੰਦੇ ਹਨ। ਗੋਬਰ-ਹਾਰੀ ਵਾਣੀ ਦਾ ਹਰ ਇਕ ਸੁਰ ਸਪੱਸ਼ਟ ਰੂਪ ਵਿਚ ਪ੍ਰਗਟ ਹੁੰਦਾ ਹੈ। ਸਪੱਸ਼ਟਤਾ ਇਸ ਵਾਣੀ ਦਾ ਖ਼ਾਸ ਲੱਛਣ ਹੈ।

ਸ਼ੁੱਧ ਵਾਣੀ ਦੀ ਪ੍ਰਧਾਨਤਾ ਰਬਾਬ ਦੁਆਰਾ ਦਿਖਾਈ ਜਾਂਦੀ ਹੈ, ਕਿਉਂਕਿ ਰਬਾਬ ਦਾ ਸੁਰ ਸਰਲ ਹੁੰਦਾ ਹੈ। ਇਸ ਵਿਚ ਵਿਲੰਬਿਤ, ਮੱਧ ਅਤੇ ਦ੍ਰੁਤਿ ਲੈਅ, ਇਹ ਤਿੰਨੇ ਪ੍ਰਕਾਰ ਦੇ ਅਲਾਪ ਬੜੀ ਖ਼ੂਬੀ ਨਾਲ ਦਿਖਾਏ ਜਾ ਸਕਦੇ ਹਨ। ਕਈ ਵਿਦਵਾਨਾਂ ਦਾ ਵਿਚਾਰ ਹੈ ਕਿ ਇਸ ਵਾਣੀ ਦੀ ਸਥਾਪਨਾ ਕੁੰਭਨਦਾਸ ਦੇ ਵੰਸ਼ ਵਾਲਿਆਂ ਨੇ ਕੀਤੀ ਅਤੇ ਤਾਨਸੈਨ ਦੀ ਗਾਇਕ ਸ਼ੈਲੀ ਸੈਨੀਆ ਵਾਣੀ ਕਹਿਲਾਈ। ਇਸ ਵਾਣੀ ਨੂੰ ਰਾਜੇ ਦੀ ਪੱਦਵੀ ਦਿੱਤੀ ਗਈ ਹੈ।

(2) ਡਾਗੁਰ ਵਾਣੀ

ਇਹ ਵਾਣੀ ਸਵਾਮੀ ਹਰੀਦਾਸ ਜੀ ਦੁਆਰਾ ਸ਼ੁਰੂ ਹੋਈ। ਪਰ ਕਈ ਵਿਦਵਾਨਾਂ ਦਾ ਵਿਚਾਰ ਹੈ ਕਿ ਅਕਬਰ ਬਾਦਸ਼ਾਹ ਦੇ ਦਰਬਾਰ ਵਿਚ ਬ੍ਰਿਜ ਚੰਦ ਬ੍ਰਾਹਮਣ ਸੀ। ਇਹ ਵਾਣੀ ਉਸ ਦੁਆਰਾ ਪ੍ਰਚਲਿਤ ਹੋਈ, ਕਿਉਂਕਿ ਉਹ ਡਾਗੁਰ ਪਿੰਡ ਦਾ ਨਿਵਾਸੀ ਸੀ। ਇਸ ਲਈ ਉਸ ਦੀ ਵਾਣੀ ਦਾ ਨਾਮ ਡਾਗੁਰ ਵਾਣੀ ਪਿਆ। ਇਸ ਦਾ ਪ੍ਰਧਾਨ ਗੁਣ ਸਰਲਤਾ ਅਤੇ ਮਨਮੋਹਿਕ ਹੈ। ਇਸ ਦੀ ਗਤੀ ਸਹਿਜ ਅਤੇ ਸਰਲ ਹੈ। ਇਸ ਵਿਚ ਸੁਰਾਂ ਦਾ ਟੇਢਾ ਅਤੇ ਵਚਿੱਤਰ ਕੰਮ ਵਿਖਾਇਆ ਜਾਂਦਾ ਹੈ। ਇਸ ਨੂੰ ਸ਼ੁੱਧ ਵਾਣੀ ਦਾ ਰੂਪ ਵੀ ਦਿੰਦੇ ਹਨ। ਵਿਦਵਾਨਾਂ ਨੇ ਇਸ ਨੂੰ ਮੰਤਰੀ ਦੀ ਪਦਵੀ ਦਿੱਤੀ ਹੈ।

ਇਸ ਵਿਚ ਇਕ ਸੁਰ ਦੂਸਰੇ ਸੁਰ ਨਾਲ ਜਿਸ ਵਚਿੱਤਰਤਾ ਨਾਲ ਮਿਲਦਾ ਹੈ, ਉਸ ਵਿਚ ਇਕ ਵਚਿੱਤਰ ਅਤੇ ਰਹੱਸਮਈ ਭਾਵ ਉਤਪੰਨ ਹੋ ਜਾਂਦਾ ਹੈ। ਸੁਰ ਨੂੰ ਸਪੱਸ਼ਟ ਰੂਪ ਵਿਚ ਵਿਅਕਤ ਨਾ ਕਰ ਕੇ ਸ਼ਰੋਤਾਵਾਂ ਦੀ ਕਲਪਨਾ ਦੇ ਅਨੁਸਾਰ ਇਸ ਨੂੰ ਪ੍ਰਗਟ ਕਰਨਾ ਪੈਂਦਾ ਹੈ। ਲਗਭਿਅ ਅਤੇ ਗੰਭੀਰਤਾ ਇਹਨਾਂ ਦੋਹਾਂ ਵਾਣੀਆਂ ਵਿਚ ਪ੍ਰਾਪਤ ਰੂਪ ਨਾਲ ਮਿਲਦੇ ਹਨ। ਅੱਗੇ ਚੱਲ ਕੇ ਬਹਿਰਾਮ ਖ਼ਾਂ ਦੇ ਘਰਾਣੇ ਦੇ ਗਾਇਕ ਜ਼ਕਰੂਦੀਨ ਖ਼ਾਂ, ਨਸੀਰ ਮੋਹਨ ਦੀਨ ਖ਼ਾਂ, ਕਸੀਰ ਅਮਿਨੁਦੀਨ ਖ਼ਾਂ ਆਦਿਕ ਡਾਗੁਰ ਵਾਣੀ ਦੇ ਗਾਇਕ ਪ੍ਰਸਿੱਧ ਹੋਏ।

(3) ਖੰਡਾਰ ਬਾਣੀ

ਕਹਿੰਦੇ ਹਨ ਕਿ ਅਕਬਰ ਬਾਦਸ਼ਾਹ ਦੇ ਦਰਬਾਰ ਵਿਚ ਪ੍ਰਸਿੱਧ ਵੀਣਾਕਾਰ ਸਮੋਖਨ ਸਿੰਘ ਇਸ ਵਾਣੀ ਦੇ ਰਚੈਤਾ ਸਨ। ਇਹਨਾਂ ਦੀ ਸ਼ਾਦੀ ਤਾਨਸੈਨ ਦੀ ਲੜਕੀ ਨਾਲ ਹੋਣ ਦੇ ਕਾਰਨ ਉਹਨਾਂ ਦਾ ਨੌਬਾਦ ਖ਼ਾਂ ਨਿਸਚਿਤ ਹੋਇਆ। ਇਹਨਾਂ ਦਾ ਨਿਵਾਸ ਸਥਾਨ ਖੰਡਾਰ ਵਾਣੀ ਪਿਆ। ਇਸ ਵਾਣੀ ਵਿਚ ਵਚਿੱਤਰ ਅਤੇ ਐਸ਼-ਇਸ਼ਰਤ ਪ੍ਰਕਾਰ ਦੀ ਵਿਸ਼ੇਸ਼ਤਾ ਸੀ। ਇਹ ਬਹੁਤ ਰਸ-ਭਿੰਨੀ ਹੈ।

ਗੋਬਰ ਵਾਣੀ ਦੇ ਤੁਲਨਾਤਮਿਕ ਇਸ ਵਿਚ ਵੇਗ ਅਤੇ ਤਰੰਗ ਜ਼ਿਆਦਾ ਹੁੰਦੇ ਹਨ। ਪਰ ਇਸ ਦੀ ਗਤੀ ਅਤੀ ਵਿਲੰਬਿਤ ਨਹੀਂ ਹੁੰਦੀ। ਵਿਦਵਾਨਾਂ ਨੇ ਇਸ ਨੂੰ ਸੈਨਾਪਤੀ ਦੀ ਪੱਦਵੀ ਦਿੱਤੀ ਹੈ।

ਆਪੋ-ਆਪਣੀ ਜਗ੍ਹਾ 'ਤੇ ਹਰ ਇਕ ਵਾਣੀ ਦੀ ਇਕ ਖ਼ਾਸ ਮਹੱਤਤਾ ਹੈ। ਇਸ ਵਿਚ ਸੁਰਾਂ ਨੂੰ ਭਿੰਨ ਭਿੰਨ ਟੁਕੜੇ ਕਰਦੇ ਹਨ। ਸੰਸਕ੍ਰਿਤ ਵਿਚ ਇਸ ਨੂੰ ਭਿੰਨਾ ਗੀਤ ਕਿਹਾ ਗਿਆ ਹੈ। ਸੁਰਾਂ ਦੇ ਖੰਡ ਖੰਡ ਹੋਣ ਦੇ ਕਾਰਨ ਵੀ ਇਸ ਨੂੰ ਖੰਡਾਰ ਵਾਣੀ ਕਿਹਾ ਗਿਆ ਹੈ।

ਇਸ ਵਿਚ ਸੁਰਾਂ ਨੂੰ ਸਰਲ ਭਾਵ ਵਿਚ ਪ੍ਰਗਟ ਨਾ ਕਰ ਕੇ ਕੁਟਿਲ ਭਾਵ ਵਿਚ ਖੰਡ ਖੰਡ ਕਰ ਕੇ ਪ੍ਰਗਟ ਕਰਨਾ ਹੀ ਇਸ ਦੀ ਵਿਸ਼ੇਸ਼ਤਾ ਹੈ। ਇਸ ਕ੍ਰਿਆ ਨਾਲ ਸੁਰ ਦੀ ਮਧੁਰਤਾ ਦਾ ਨਾਸ਼ ਨਹੀਂ ਹੁੰਦਾ, ਸਗੋਂ ਸੂਖਮ ਗਮਕ ਦੀ ਮਦਦ ਨਾਲ ਸੁਰ ਨੂੰ ਅੰਦੋਲਨ ਕਰਨ ਨਾਲ ਉਸ ਵਿਚ ਮਧੁਰਤਾ ਦਾ ਵਾਧਾ ਹੁੰਦਾ ਹੈ। ਇਸ ਲਈ ਉੱਤਮ ਗੁਣੀ ਜਨ ਗਮਕ ਦੀ ਸਹਾਇਤਾ ਨਾਲ ਖੰਡਾਰ ਵਾਣੀ ਨੂੰ ਗਾਉਂਦੇ ਹਨ।

ਯੰਤਰਾਂ ਅਤੇ ਸਾਜ਼ਾਂ ਦੇ ਸੰਗੀਤ ਵਿਚ ਵੀਣਾ ਦੁਆਰਾ ਖੰਡਾਰ ਵਾਣੀ ਦਾ ਸੈਨੀ ਲੋਕ ਵਿਵਿਧ ਪ੍ਰਕਾਰ ਨਾਲ ਮੱਧ ਲੈਅ, ਗਮਕ ਅਤੇ ਜੋੜ ਵਿਚ ਉਪਯੋਗ ਕਰਦੇ ਹਨ। ਅੱਗੇ ਚੱਲ ਕੇ ਇਸ ਵਾਣੀ ਦੇ ਛਬੀਰ ਖ਼ਾਂ, ਵਜ਼ੀਰ ਖ਼ਾਂ, ਸਹਰੂਦੀਨ ਖ਼ਾਂ, ਅੱਲਾਦੀਆ ਖ਼ਾਂ, ਛੋਟੇ ਰਮਦਾਸ, ਲਲਿਤ ਮੋਹਨ ਮੁਕਰ ਜੀ, ਬੰਗਾਲੀ ਆਦਿਕ ਗਾਇਕ ਪ੍ਰਸਿੱਧ ਹੋਏ।

(4) ਨੌਹਾਰ ਵਾਣੀ

ਇਸ ਵਾਣੀ ਦੇ ਚਲਾਉਣ ਵਾਲੇ ਰਾਜਪੂਤ ਸ੍ਰੀ ਚੰਦ ਸਨ। ਉਹ ਨੌਹਾਰ ਦੇ ਵਾਸੀ ਸਨ। ਇਸ ਲਈ ਇਸ ਵਾਣੀ ਦਾ ਨਾਮ ਨੌਹਾਰ ਵਾਣੀ ਪਿਆ। ਕੁਝ ਲੋਕਾਂ ਦਾ ਵਿਚਾਰ ਹੈ ਕਿ ਇਸ ਵਾਣੀ ਦੇ ਪ੍ਰਚਾਰਕ ਸੁਜਾਨ ਦਾਸ ਸਨ, ਜੋ ਕਿ ਬਾਅਦ ਵਿਚ ਹਾਜੀ ਸੁਜਾਨ ਖ਼ਾਂ ਦੇ ਨਾਮ ਨਾਲ ਪ੍ਰਸਿੱਧ ਹੋਏ।

ਕਿਹਾ ਜਾਂਦਾ ਹੈ ਕਿ ਹਾਜੀ ਸੁਜਾਨ ਖ਼ਾਂ ਤਾਨਸੈਨ ਦੇ ਜਵਾਈ ਸਨ। ਨੌਹਾਰ ਗੀਤੀ ਨਾਲ ਸ਼ੇਰ ਦੀ ਗਤੀ ਦਾ ਬੋਧ ਹੁੰਦਾ ਹੈ। ਇਕ ਸੁਰ ਤੋਂ ਦੋ ਜਾਂ ਤਿੰਨ ਸੁਰਾਂ ਦਾ ਲੰਘਣ ਕਰਕੇ ਪਰਿਵਰਤਨ ਸੁਰ ਵਿਚ ਪਹੁੰਚਣਾ ਇਸ ਦਾ ਮੁੱਖ ਲੱਛਣ ਹੈ। ਨੌਹਾਰ ਵਾਣੀ ਵਿਸ਼ੇਸ਼ ਰੂਪ ਨਾਲ ਕਿਸੇ ਇਕ ਰਸ ਦੀ ਸ੍ਰਿਸ਼ਟਿ ਨਹੀਂ ਕਰਦੀ, ਬਲਕਿ ਇਹ ਅਸਚਰਜ ਰਸ-ਭਿੰਨੀ ਕਈ ਰਸਾਂ ਨੂੰ ਉਤਪੰਨ ਕਰਦੀ ਹੈ। ਨੌਹਾਰ ਵਾਣੀ ਕਵਰਸਾਂ ਨਾਲ ਸੰਬੰਧਿਤ ਹੈ। ਵਿਦਵਾਨਾਂ ਨੇ ਇਸ ਨੂੰ ਸੇਵਕਾਂ ਦੀ ਪਦਵੀ ਦਿੱਤੀ ਹੈ। ਬਾਅਦ ਵਿਚ ਇਸ ਵਾਣੀ ਦੇ ਕੱਲਨ ਖ਼ਾਂ, ਕਰਾਮਤ ਅਲੀ ਖ਼ਾਂ, ਖ਼ਾਦਿਮ ਹੁਸੈਨ ਖ਼ਾਂ, ਬਸ਼ੀਰ ਖ਼ਾਂ, ਮੁਹੰਮਦ ਖ਼ਾਂ, ਉਸਤਾਦ ਵਿਲਾਇਤ ਹੁਸੈਨ ਖ਼ਾਂ ਆਦਿਕ ਗਾਇਕ ਪ੍ਰਸਿੱਧ ਹੋਏ।

ਨੋਟ

ਅੱਗੇ ਚੱਲ ਕੇ ਇਹਨਾਂ ਚਾਰ ਵਾਣੀਆਂ ਤੋਂ ਇਲਾਵਾ ਧ੍ਰੁਪਦ ਗਾਇਨ ਦੀਆਂ ਹੋਰ ਸ਼ੈਲੀਆਂ ਵੀ ਪ੍ਰਚਾਰ ਵਿਚ ਆਈਆਂ। ਇਹਨਾਂ ਵਿੱਚੋਂ ਕੁਝ ਤਾਂ ਚਾਰ ਵਾਣੀਆਂ ਦੀਆਂ ਹੀ ਸ਼ਾਖਾਂ ਹਨ। ਜਿਵੇਂ ਡਾਗੁਰ ਵਾਣੀ ਦੀ ਬਨਾਰਸੀ ਸ਼ਾਖਾ, ਬੰਗਾਲ ਵਿਚ ਪ੍ਰਚਲਿਤ ਸੀ, ਤਾਨਸੈਨ ਦੀ ਪਰੰਪਰਾ ਆਦਿਕ। ਮਹਾਰਾਸ਼ਟਰ, ਗੁਜਰਾਤ ਪ੍ਰਾਂਤਾਂ ਵਿਚ ਵੀ ਧ੍ਰੁਪਦ

ਗਾਇਨ ਦੀਆਂ ਸ਼ੈਲੀਆਂ ਪ੍ਰਚਲਿਤ ਹੋਈਆਂ, ਜਿਹਨਾਂ ਦਾ ਸਪੱਸ਼ਟ ਉਲੇਖ ਨਹੀਂ ਮਿਲਦਾ।

ਮਾਦੁਕਲ ਮੌਸੀਕਲ ਨਾਮਕ ਗ੍ਰੰਥ ਵਿਚ ਪ੍ਰਚਾਰਕ ਹਕੀਮ ਮੁਹੰਮਦ ਕਰਮ ਇਮਾਮ ਨੇ ਇਹਨਾਂ ਚਾਰੇ ਵਾਣੀਆਂ ਦੇ ਸੰਬੰਧ ਵਿਚ ਆਪਣੇ ਵਿਚਾਰ ਇਸ ਪ੍ਰਕਾਰ ਪ੍ਰਗਟ ਕੀਤੇ ਹਨ:

ਵਾਣੀ ਦੇ ਭੇਦ ਜਾਨਣ ਵਾਲਾ ਅੱਜ-ਕੱਲ ਸ਼ਾਇਦ ਹੀ ਕੋਈ ਹੋਵੇ, ਕਿਉਂਕਿ ਧ੍ਰੁਪਦ ਗਾਇਨ ਨੂੰ ਪ੍ਰਚਲਿਤ ਹੋਇਆਂ 500 ਸਾਲ ਤੋਂ ਜ਼ਿਆਦਾ ਹੋ ਗਏ ਹਨ। ਪਰ ਇੱਧਰ ਲਗਭਗ 150 ਸਾਲ ਤੋਂ ਧ੍ਰੁਪਦ ਗਾਇਕੀ ਦਾ ਪ੍ਰਚਾਰ ਘੱਟ ਹੋ ਗਿਆ ਹੈ ਅਤੇ ਖ਼ਿਆਲ ਗਾਇਨ ਦਾ ਪ੍ਰਚਾਰ ਜ਼ਿਆਦਾ ਹੋ ਗਿਆ ਹੈ, ਇਤਨਾ ਹੁੰਦੇ ਹੋਏ ਵੀ ਸੰਗੀਤ ਕਲਾ ਦੇ ਜਾਣਕਾਰ ਧ੍ਰੁਪਦ ਗਾਇਕ ਨੂੰ ਹੁਣ ਵੀ ਸ਼ਰਧਾ ਦੀ ਨਿਗਾਹ ਨਾਲ ਵੇਖਦੇ ਹਨ।